## ਅਧਿਆਇ 18

# ਯਿਥਰੋ ਦਾ ਮੂਸਾ ਦੇ ਨਾਲ ਉਜਾੜ ਵਿਚ ਜਾਣਾ

ਇਸਰਾਏਲੀਆਂ ਦੇ "ਪਰਮੇਸ਼ੁਰ ਦੇ ਪਹਾੜ" ਤੇ ਪਹੁੰਚਣ ਤੋਂ ਬਾਅਦ, ਮੂਸਾ ਦਾ ਸੌਹਰਾ ਯਿਥਰੋ, ਮੂਸਾ ਦੀ ਪਤਨੀ ਸਿੱਪੋਰਾਹ ਅਤੇ ਉਸ ਦੇ ਦੋ ਪੁੱਤਰਾਂ, ਗੇਰਸ਼ੋਮ ਅਤੇ ਅਲੀਅਜ਼ਰ ਨੂੰ ਲੈ ਕੇ, ਉਸ ਨੂੰ ਮਿਲਣ ਦੇ ਲਈ ਆਇਆ। ਕੂਚ ਅਧਿਆਇ 18 ਵਿਚ ਯਿਥਰੋ ਦੀ ਮੂਸਾ ਦੇ ਨਾਲ ਮੁਲਾਕਾਤ ਦਾ ਵਰਣਨ ਹੈ (18:1-6)।

ਮੂਸਾ ਅਤੇ ਯਿਥਰੋ ਦੇ ਦੁਆਰਾ ਆਪਸ ਵਿਚ ਸ਼ੁਭਕਾਮਨਾਵਾਂ ਦੇਣ ਤੋਂ ਬਾਅਦ (18:7), ਮੂਸਾ ਨੇ ਆਪਣੇ ਸੌਹਰੇ ਨੂੰ ਬਿਓਰਾ ਦਿੱਤਾ ਕਿ ਕਿਵੇਂ ਪ੍ਰਭੂ ਨੇ ਇਸਰਾਏਲ ਨੂੰ ਮਿਸਰ ਤੋਂ ਅਤੇ ਰਸਤੇ ਦੇ ਕਸ਼ਟਾਂ ਤੋਂ ਛੁਟਕਾਰਾ ਦਿੱਤਾ ਸੀ (18:8)। ਇਹ ਸੁਣ ਕੇ ਯਿਥਰੋ ਨੇ ਆਪਣੇ ਜਵਾਈ ਦੇ ਨਾਲ ਅਨੰਦਿਤ ਹੋ ਕੇ, ਪ੍ਰਭੂ ਦੀ ਮਹਿਮਾ ਕੀਤੀ, ਅਤੇ ਉਸ ਦੇ ਲਈ ਬਲੀਦਾਨ ਲਿਆਇਆ (18:9-12)।

ਅਗਲੇ ਦਿਨ ਯਿਥਰੋ ਨੇ ਮੂਸਾ ਨੂੰ ਸਾਰਾ ਦਿਨ ਬੈਠ ਕੇ ਲੋਕਾਂ ਦਾ ਨਿਆਂ ਕਰਦੇ ਹੋਏ ਡਿੱਠਾ, ਜੋ ਕਿ ਇੱਕ ਅਜਿਹੀ ਪ੍ਰਕਿਰਿਆ ਸੀ ਜਿਸ ਨੇ ਮੂਸਾ ਅਤੇ ਲੋਕਾਂ ਦੋਵਾਂ ਨੂੰ ਥਕਾ ਦਿੱਤਾ ਸੀ (18:13)। ਉਸ ਸ਼ਾਮ ਮੂਸਾ ਨੇ ਉਸ ਦੀ ਲੀਡਰਸ਼ਿਪ ਦੇ ਤਰੀਕੇ ਦੇ ਵਿਸ਼ੇ ਵਿਚ ਮੂਸਾ ਨਾਲ ਗੱਲ ਕੀਤੀ। ਉਸ ਨੇ ਉਸ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਦੀ ਥਾਂ ਪਰਮੇਸ਼ੁਰ ਦੇ ਨਾਲ ਗੱਲਬਾਤ ਕਰੇ ਅਤੇ ਲੋਕਾਂ ਨੂੰ ਬਿਵਸਥਾ ਸਿਖਾਵੇ। ਪਰ, ਯਿਥਰੋ ਨੇ ਸੁਝਾਅ ਦਿੱਤਾ ਕਿ ਉਹ ਛੋਟੇ ਝਗੜਿਆਂ ਦਾ ਨਿਆਂ ਕਰਨ ਦੇ ਲਈ ਸਿਆਣੇ ਮਨੁੱਖਾਂ ਨੂੰ ਠਹਿਰਾ ਦੇਵੇ, ਅਤੇ ਸਿਰਫ ਪ੍ਰਮੁੱਖ ਫ਼ੈਸਲਿਆਂ ਦਾ ਨਿਬੇੜਾ ਆਪ ਕਰਿਆ ਕਰੇ (18:14-23)।

ਮੂਸਾ ਨੇ ਆਪਣੇ ਸੌਹਰੇ ਦੀ ਸਲਾਹ ਨੂੰ ਮੰਨ ਲਿਆ (18:24-26)। ਫਿਰ "ਮੂਸਾ ਨੇ ਆਪਣੇ ਸੌਹਰੇ ਨੂੰ ਵਿਦਿਆ ਕੀਤਾ," ਅਤੇ ਯਿਥਰੋ ਆਪਣੇ ਦੇਸ ਨੂੰ ਪਰਤ ਗਿਆ (18:27)।

## ਉਸ ਦਾ ਮੂਸਾ ਦੇ ਕੋਲ ਆਉਣਾ (18:1-7)

**1ਜਾਂ ਮੂਸਾ ਦੇ ਸੌਹਰੇ ਯਿਥਰੋ ਨੇ ਜਿਹੜਾ ਮਿਦਯਾਨ ਦਾ ਪੁਜਾਰੀ ਸੀ ਸਭ ਕੁਝ ਜੋ ਪਰਮੇਸ਼ੁਰ
ਨੇ ਮੂਸਾ ਅਤੇ ਆਪਣੀ ਪਰਜਾ ਇਸਰਾਏਲ ਲਈ ਕੀਤਾ ਸੁਣਿਆ ਅਰਥਾਤ ਜਿਵੇਂ ਯਹੋਵਾਹ
ਇਸਰਾਏਲ ਨੂੰ ਮਿਸਰੋਂ ਬਾਹਰ ਲੈ ਆਇਆ। 2ਤਦ ਮੂਸਾ ਦੇ ਸੌਹਰੇ ਯਿਥਰੋ ਨੇ ਮੂਸਾ ਦੀ ਪਤਨੀ
ਸਿੱਪੋਰਾਹ ਨੂੰ ਉਸ ਦੇ ਛੱਡਣ ਦੇ ਪਿੱਛੋਂ ਲਿਆ। 3ਨਾਲੇ ਉਸ ਦੇ ਦੋਹਾਂ ਪੁੱਤ੍ਰਾਂ ਨੂੰ ਜਿਨ੍ਹਾਂ ਵਿੱਚੋਂ ਇੱਕ ਦਾ
ਨਾਉਂ ਗੇਰਸ਼ੋਮ ਸੀ ਕਿਉਂ ਜੋ ਉਸ ਆਖਿਆ, ਮੈਂ ਪਰਦੇਸ ਵਿੱਚ ਓਪਰਾ ਰਿਹਾ। 4ਅਤੇ ਦੂਜੇ ਦਾ ਨਾਉਂ
ਅਲੀਅਜ਼ਰ ਸੀ ਕਿਉਂ ਜੋ ਉਸ ਆਖਿਆ, ਮੇਰੇ ਪਿਤਾ ਦਾ ਪਰਮੇਸ਼ੁਰ ਮੇਰਾ ਸਹਾਇਕ ਸੀ ਅਰ ਮੈਨੂੰ
ਫ਼ਿਰਊਨ ਦੀ ਤੇਗ ਤੋਂ ਬਚਾਇਆ। 5ਅਰ ਮੂਸਾ ਦਾ ਸੌਹਰਾ ਯਿਥਰੋ ਉਸ ਦੇ ਪੁੱਤ੍ਰਾਂ ਅਰ ਉਸ ਦੀ**

**ਪਤਨੀ ਨੂੰ ਉਜਾੜ ਵਿੱਚ ਮੂਸਾ ਕੋਲ ਲਿਆਇਆ ਜਿੱਥੇ ਉਸ ਨੇ ਪਰਮੇਸ਼ੁਰ ਦੇ ਪਹਾੜ ਉੱਤੇ ਡੇਰਾ**
**ਲਾਇਆ ਹੋਇਆ ਸੀ। 6ਉਹ ਨੇ ਮੂਸਾ ਨੂੰ ਆਖਿਆ, ਮੈਂ ਤੇਰਾ ਸੌਹਰਾ ਯਿਥਰੋ ਅਰ ਤੇਰੀ ਪਤਨੀ**
**ਉਹ ਦੇ ਦੋਹਾਂ ਪੁੱਤ੍ਰਾਂ ਸਣੇ ਤੇਰੇ ਕੋਲ ਆਏ ਹਾਂ। 7ਤਾਂ ਮੂਸਾ ਆਪਣੇ ਸੌਹਰੇ ਦੇ ਮਿਲਨ ਨੂੰ ਬਾਹਰ**
**ਆਇਆ ਅਰ ਉਸ ਦੇ ਅੱਗੇ ਨਿਵਿਆ ਅਰ ਉਸ ਨੂੰ ਚੁੰਮਿਆ ਅਤੇ ਇੱਕ ਦੂਜੇ ਦੀ ਸੁਖ ਸਾਂਦ ਪੁੱਛੀ**
**ਅਤੇ ਤੰਬੂ ਵਿੱਚ ਆਏ।**

**ਆਇਤ 1.** ਮੂਸਾ ਨੇ "ਪਰਮੇਸ਼ੁਰ ਦੇ ਪਹਾੜ" (18:5), ਅਰਥਾਤ, ਹੋਰੇਬ ਜਾਂ ਸੀਨਈ ਦੇ ਪਹਾੜ ਉੱਤੇ ਇੱਕ ਮੁਲਾਕਾਤ ਕਰਨ ਵਾਲੇ ਨੂੰ ਪਾਇਆ (3:1; 4:27; 24:13)। ਉਸ ਦਾ **ਸੌਹਰੇ** (ਸੌਹਰਾ), **ਯਿਥਰੋ** ਜਿਸ ਨੂੰ ਕਿਸੇ ਹੋਰ ਸਥਾਨ ਰਊਏਲ ਕਿਹਾ ਗਿਆ ਹੈ (2:18; 3:1; 4:18), ਉਸ ਨੂੰ ਮਿਲਣ ਦੇ ਲਈ ਆਇਆ। ਉਸ ਦਾ ਚਿਤਰਣ ਪੁਸਤਕ ਦੇ ਬਿਰਤਾਂਤ ਦੇ ਸ਼ੁਰੂ ਵਿਚ ਦਰਜ ਹੈ ਜਦੋਂ ਮੂਸਾ ਮਿਸਰ ਤੋਂ ਭੱਜ ਗਿਆ ਸੀ ਅਤੇ ਉਸ ਦੇ ਘਰ ਵਿਚ ਉਸ ਨੂੰ ਪਨਾਹ, ਇਕ ਪਤਨੀ, ਅਤੇ ਕੰਮ ਮਿਲਿਆ ਸੀ। **ਮਿਦਯਾਨ ਦਾ ਪੁਜਾਰੀ** ਹੋਣ ਦੇ ਨਾਤੇ, ਯਿਥਰੋ ਸ਼ਾਇਦ ਯਹੋਵਾਹ, ਇਕੋ ਸੱਚੇ ਪਰਮੇਸ਼ੁਰ ਦਾ ਇਕ ਬੰਦਗੀ ਕਰਨ ਵਾਲਾ ਸੀ। ਯਿਥਰੋ ਇਸ ਲਈ ਆਇਆ ਸੀ ਕਿਉਂਕਿ ਉਸ ਨੇ ਉਹ ਸਭ ਕੁੱਝ **ਸੁਣਿਆ** ਸੀ ਜੋ **ਪਰਮੇਸ਼ੁਰ ਨੇ ਮੂਸਾ ਅਤੇ ਆਪਣੀ ਪਰਜਾ ਇਸਰਾਏਲ ਲਈ ਕੀਤਾ** ਸੀ। ਪਰਮੇਸ਼ੁਰ ਦੀ ਯੋਜਨਾ - ਇਸਰਾਏਲ ਦੇ ਸ਼ਕਤੀਸ਼ਾਲੀ ਛੁਟਕਾਰੇ ਦੇ ਰਾਹੀਂ ਰਾਸ਼ਟਰਾਂ ਨੂੰ ਉਸ ਦੇ ਬਾਰੇ "ਜਾਣੂ" ਕਰਵਾਉਣ ਦਾ - ਕੰਮ ਕਰ ਰਹੀ ਸੀ।

**ਆਇਤ 2. ਯਿਥਰੋ** ਆਪਣੇ ਨਾਲ **ਮੂਸਾ ਦੀ ਪਤਨੀ ਸਿੱਪੋਰਾਹ** ਨੂੰ ਲਿਆਇਆ ਸੀ। ਲਿਖਤ ਪਾਠਕ ਨੂੰ ਸਿਰਫ ਇਹ ਜਾਣਕਾਰੀ ਦਿੰਦੀ ਹੈ ਕਿ ਮੂਸਾ ਨੇ ਉਸ ਨੂੰ **ਛੱਡਣ** (ਛੱਡ ਦਿੱਤਾ ਸੀ), ਨਾਕਿ ਉਸ ਨੇ ਅਜਿਹਾ ਕਦੋਂ ਅਤੇ ਕਿਉਂ ਕੀਤਾ ਸੀ। ਸ਼ਬਦ שָׁלַח *(ਸ਼ਾਲਾਚ)*, ਜਿਸ ਦਾ ਅਨੁਵਾਦ "ਛੱਡਣ" ਕੀਤਾ ਗਿਆ ਹੈ, ਬਾਅਦ ਵਿਚ ਪੁਰਾਣੇ ਨੇਮ ਵਿਚ ਤਲਾਕ ਦੇ ਲਈ ਵਰਤਿਆ ਗਿਆ ਹੈ। ਜਿਵੇਂ 18:27 ਵਿਚ ਹੈ, ਇੱਥੇ ਇਸ ਦਾ ਇਕ ਨਿਰਪੱਖ ਅਰਥ ਹੈ, ਜਿੱਥੇ ਇਹ ਯਿਥਰੋ ਦੀ ਵਿਦਾਈ ਦੇ ਸੰਬੰਧ ਵਿਚ ਵਰਤਿਆ ਗਿਆ ਹੈ।[1]

ਕਿਉਂਕਿ 4:24-26 ਵਿਚ "ਖੂਨੀ ਪਤੀ" ਦੀ ਘਟਨਾ ਵਿਚ ਸਿੱਪੋਰਾਹ ਦਾ ਜ਼ਿਕਰ ਕੀਤਾ ਗਿਆ ਹੈ, ਵਿਦਵਾਨ ਅਕਸਰ ਇਹ ਮੰਨਦੇ ਹਨ ਕਿ ਇੱਥੋਂ ਮੂਸਾ ਨੇ ਉਸ ਨੂੰ ਤੇ ਉਸ ਦੇ ਦੋ ਪੁੱਤ੍ਰਾਂ ਨੂੰ ਯਿਥਰੋ ਦੇ ਕੋਲ ਭੇਜ ਦਿੱਤਾ ਸੀ। ਸ਼ਾਇਦ ਉਹ ਸਮਝ ਗਿਆ ਸੀ ਕਿ ਉਸ ਦਾ ਮਿਸ਼ਨ ਕਿੰਨਾ ਖਤਰਨਾਕ ਸੀ ਅਤੇ ਉਹ ਆਪਣੇ ਪਰਿਵਾਰ ਨੂੰ ਸੁਰੱਖਿਅਤ ਰੱਖਣਾ ਚਾਹੁੰਦਾ ਸੀ। ਇਕ ਹੋਰ ਜ਼ਿੰਮੇਵਾਰੀ ਇਕ ਹੋਰ ਸੰਭਾਵਨਾ ਇਹ ਹੈ ਕਿ ਸਿੱਪੋਰਾਹ ਮੂਸਾ ਦੇ ਨਾਲ ਮਿਸਰ ਵਿਚ ਸੀ ਅਤੇ ਉਸ ਨੇ ਕੂਚ ਦਾ ਅਨੁਭਵ ਕੀਤਾ ਸੀ, ਪਰ ਮੂਸਾ ਨੇ ਹੁਣੇ ਹੁਣੇ ਆਪਣੇ ਛੁਟਕਾਰੇ ਬਾਰੇ ਦੱਸਣ ਲਈ ਉਸ ਨੂੰ ਯਿਥਰੋ ਦੇ ਕੋਲ ਭੇਜਿਆ ਸੀ।

**ਆਇਤਾਂ 3, 4.** ਯਿਥਰੋ ਅਤੇ ਉਸ ਦੀ ਧੀ ਸਿੱਪੋਰਾਹ ਆਪਣੇ **ਦੋਹਾਂ ਪੁੱਤ੍ਰਾਂ** ਦੇ ਨਾਲ ਸਨ। ਪਹਿਲੇ ਪੁੱਤਰ ਦਾ ਨਾਮ **ਗੇਰਸ਼ੋਮ** ਸੀ, ਜਿਸ ਦਾ ਅਰਥ ਹੈ "ਉੱਥੇ ਇਕ ਪਰਦੇਸੀ" ਹੈ। ਇਹ ਨਾਮ ਮੂਸਾ ਦੇ ਇਸ ਬਿਆਨ ਦੇ ਕਾਰਣ ਦਿੱਤਾ ਗਿਆ ਸੀ, **ਮੈਂ ਪਰਦੇਸ ਵਿੱਚ ਓਪਰਾ ਰਿਹਾ** (2:22 ਤੇ ਟਿੱਪਣੀਆਂ ਵੇਖੋ)। ਦੂਸਰਾ ਪੁੱਤਰ **ਅਲੀਅਜ਼ਰ**, ਜਿਸ ਦਾ ਅਰਥ "ਪਰਮੇਸ਼ੁਰ ਮੇਰਾ ਸਹਾਇਕ ਹੈ," ਉਸ ਦਾ ਜ਼ਿਕਰ ਕਿਤਾਬ ਵਿਚ ਪਹਿਲਾਂ ਨਹੀਂ ਕੀਤਾ ਗਿਆ ਸੀ। ਇਹ ਨਾਮ ਮੂਸਾ ਦੀ ਘੋਸ਼ਣਾ ਤੇ ਆਧਾਰਤ ਸੀ, **ਮੇਰੇ ਪਿਤਾ ਦਾ ਪਰਮੇਸ਼ੁਰ ਮੇਰਾ ਸਹਾਇਕ ਸੀ ਅਰ ਮੈਨੂੰ ਫ਼ਿਰਊਨ ਦੀ ਤੇਗ ਤੋਂ ਬਚਾਇਆ।**

**ਆਇਤਾਂ 5-7. ਮੂਸਾ ਦਾ** (ਦੇ) **ਸੌਹਰਾ** (ਸੌਹਰੇ) ਨੇ ਇਕ ਸੰਦੇਸ਼ ਭੇਜ ਕੇ ਆਪਣੇ ਯਾਤਰਾ ਕਰਨ ਦੇ ਇਰਾਦੇ ਦੀ ਘੋਸ਼ਣਾ ਕੀਤੀ ਜੋ ਉਸ ਦੇ ਆਉਣ ਤੋਂ ਪਹਿਲਾਂ ਪਹੁੰਚ ਗਿਆ ਸੀ। ਜਦੋਂ

ਯਿਥਰੋ ਇਸਰਾਏਲੀ ਡੇਰੇ ਤੇ ਮੂਸਾ ਦੀ **ਪਤਨੀ** ਅਤੇ ਦੋ **ਪੁੱਤ੍ਰਾਂ** ਨੂੰ ਨਾਲ ਲੈ ਕੇ ਪਹੁੰਚਿਆ, ਤਾਂ ਮੂਸਾ ਉਸ ਨੂੰ ਵੇਖ ਕੇ ਖੁਸ਼ ਹੋਇਆ ਅਤੇ ਹਮੇਸ਼ਾ ਦੀ ਤਰ੍ਹਾਂ ਉਸ ਦੇ ਅੱਗੇ ਝੁੱਕ ਕੇ ਅਤੇ ਉਸ ਨੂੰ ਚੁੰਮ ਕੇ ਉਸ ਦਾ ਸਵਾਗਤ ਕੀਤਾ। ਫਿਰ ਮੂਸਾ ਨੇ ਯਿਥਰੋ ਨੂੰ ਆਪਣੇ **ਤੰਬੂ** ਵਿਚ ਸੱਦਿਆ।

ਸ਼ਾਇਦ ਇਸ ਯਾਤਰਾ ਅਤੇ ਇਸ ਦੇ ਸਿੱਟੇ ਦੇ ਵਿਸ਼ੇ ਵਿਚ ਸਭ ਤੋਂ ਪੇਚੀਦਾ ਸਵਾਲ ਹੈ ਕਿ "ਇਹ ਕਦੋਂ ਹੋਇਆ ਸੀ?" ਲਿਖਤ ਵਿਚ ਇਸ ਦਾ ਸਥਾਨ ਦੱਸਦਾ ਹੈ ਕਿ ਇਹ ਅਮਾਲੇਕੀਆਂ ਦੇ ਨਾਲ ਲੜਾਈ ਤੋਂ ਬਾਅਦ ਅਤੇ ਸੀਨਈ ਪਹਾੜ ਤੇ ਸ਼ਰਾ ਦੇ ਦਿੱਤੇ ਜਾਣ ਤੋਂ ਪਹਿਲਾਂ ਹੋਇਆ ਸੀ। ਪਰ, ਟਿੱਪਣੀਕਾਰ ਅਕਸਰ ਜ਼ੋਰ ਦਿੰਦੇ ਹਨ ਕਿ ਕੂਚ 18 ਦੀ ਘਟਨਾ ਕਾਲਕ੍ਰਮ ਤੋਂ ਬਾਹਰ ਹੈ। ਬਾਈਬਲ ਦੀਆਂ ਕਥਾਵਾਂ ਨੂੰ ਹਮੇਸ਼ਾ ਸਖ਼ਤ ਕਾਲਕ੍ਰਮ ਵਿਚ ਨਹੀਂ ਲਿਖਿਆ ਜਾਂਦਾ ਸੀ। ਇਹ ਤੱਥ ਕੂਚ ਵਿਚ ਆਖਰੀ ਬਵਾ ਅਤੇ ਪਸਾਹ ਦੀ ਰੀਤ ਦੇ ਖਾਤੇ ਵਿਚ ਸਪੱਸ਼ਟ ਹੈ। ਦੋ ਸੰਭਵ ਵਿਚਾਰਾਂ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

(1) ਪਰਮੇਸ਼ੁਰ ਦੀ "ਬਿਧੀਆਂ" ਅਤੇ "ਬਿਵਸਥਾ" ਦਾ ਉਲੇਖ ਸੁਝਾਅ ਦਿੰਦਾ ਹੈ ਕਿ ਯਿਥਰੋ ਨੇ *ਸ਼ਰਾ ਦੇ ਦਿੱਤੇ ਜਾਣ ਤੋਂ ਬਾਅਦ* ਯਾਤਰਾ ਕੀਤੀ ਸੀ।[2] ਮੂਸਾ ਨੇ ਕਿਹਾ ਕਿ ਉਸ ਦਾ ਕੰਮ "ਪਰਮੇਸ਼ੁਰ ਦੀਆਂ ਬਿਧੀਆਂ ਅਰ ਬਿਵਸਥਾ ਨੂੰ ਜਤਾ" ਦੇਣਾ ਸੀ (18:16), ਅਤੇ ਯਿਥਰੋ ਨੇ ਮੂਸਾ ਨੂੰ ਸਲਾਹ ਦਿੱਤੀ ਕਿ "ਬਿਧੀਆਂ ਅਰ ਬਿਵਸਥਾਵਾਂ ਉਨ੍ਹਾਂ ਨੂੰ ਸਿਖਾਲ" (18:20)। ਇਸ ਲਈ, ਇੰਝ ਜਾਪਦਾ ਹੈ ਕਿ ਮੂਸਾ ਨੂੰ ਸ਼ਰਾ ਪਹਿਲਾਂ ਤੋਂ ਹੀ ਪ੍ਰਾਪਤ ਹੋ ਗਈ ਸੀ। ਇਸ ਵਿਆਖਿਆ ਦੇ ਪੱਖ ਵਿਚ ਤੱਥ ਇਹ ਹੈ ਕਿ ਇਹ ਘਟਨਾ **ਪਰਮੇਸ਼ੁਰ ਦੇ ਪਹਾੜ** (18:5), ਜਾਂ ਸੀਨਈ ਪਹਾੜ ਉੱਤੇ ਵਾਪਰੀ ਸੀ। ਇਸ ਤੋਂ ਇਲਾਵਾ, ਖਾਤੇ ਵਿਚ, "ਯਾਤਰਾ ਦੀਆਂ ਕਹਾਣੀਆਂ" ਦੀਆਂ ਵਿਸ਼ੇਸ਼ਤਾਵਾਂ ਨਹੀਂ ਹਨ, ਜੋ ਇਸ ਨੂੰ, ਯਾਤਰਾ ਅਤੇ ਇਸਰਾਏਲੀਆਂ ਦੇ ਨਵੇਂ ਸਥਾਨ ਤੇ ਪਹੁੰਚਣ ਦੇ ਵਿਸ਼ੇ ਵਿਚ ਦੱਸਦੀਆਂ ਹਨ। (ਇੱਥੋਂ ਤਕ ਕਿ ਅਧਿਆਇ 19 ਵਿਚ ਨੇਮ ਬੰਨ੍ਹਣ ਦੀ ਕਹਾਣੀ ਵਿਚ ਵੀ ਇਹ ਵਿਸ਼ੇਸ਼ਤਾਵਾਂ ਹਨ।)

ਜੇਕਰ ਰਿਪੋਰਟ ਕੀਤੀ ਗਈ ਘਟਨਾ ਕਾਲਕ੍ਰਮ ਦੇ ਅਨੁਸਾਰ ਨਹੀਂ ਹੈ - ਜੇਕਰ ਇਹ ਉਸ ਸਾਲ ਦੇ ਦੌਰਾਨ ਹੋਈ ਸੀ ਜੋ ਇਸਰਾਏਲੀਆਂ ਨੇ ਸੀਨਈ ਵਿਚ ਗੁਜ਼ਾਰਿਆ ਸੀ ਜਦੋਂ ਤੰਬੂ ਬਣਾਇਆ ਜਾ ਰਿਹਾ ਸੀ - ਤਾਂ ਇਸ ਨੂੰ ਇਸ ਬਿੰਦੂ ਤੇ ਕਿਉਂ ਸ਼ਾਮਲ ਕੀਤਾ ਗਿਆ ਸੀ? ਸਪੱਸ਼ਟ ਉੱਤਰ ਇਹ ਹੈ ਕਿ ਇਸ ਨੇ ਲੇਖਕ ਦੇ ਉਦੇਸ਼ ਨੂੰ ਬਾਅਦ ਵਿਚ ਸ਼ਾਮਲ ਕਰਨ ਦੀ ਬਜਾਇ ਇਸ ਨੂੰ ਇੱਥੇ ਸ਼ਾਮਲ ਕਰਨ ਦਾ ਕੰਮ ਕੀਤਾ ਹੈ। ਉਹ ਉਦੇਸ਼ ਕੀ ਸੀ, ਇਸ ਨੂੰ ਨਿਸ਼ਚਤ ਤੌਰ ਤੇ ਜਾਣਨਾ ਅਸੰਭਵ ਹੈ। ਸ਼ਾਇਦ ਇਸ ਘਟਨਾ ਨੂੰ ਇਸ ਲਈ ਇੱਥੇ ਪਾਈ ਗਈ ਸੀ ਕਿ ਇਸ ਦਾ ਇੱਕ ਹੋਰ ਪ੍ਰਦਰਸ਼ਣ ਪ੍ਰਦਾਨ ਕੀਤਾ ਜਾਵੇ ਕਿ ਪਰਮੇਸ਼ੁਰ ਨੇ ਇਸਰਾਏਲ ਨੂੰ ਕਿਵੇਂ ਮੁਹੱਈਆ ਕਰਵਾਇਆ ਸੀ। ਉਸ ਨੇ ਛੁਟਕਾਰਾ, ਮਾਰਗਦਰਸ਼ਣ (ਬੱਦਲ ਅਤੇ ਅੱਗ ਦੇ ਦੁਆਰਾ), ਪਾਣੀ, ਭੋਜਨ, ਅਤੇ ਸੁਰੱਖਿਆ (ਦੁਸ਼ਮਣਾਂ ਤੇ ਜਿੱਤ) ਪ੍ਰਦਾਨ ਕੀਤੀ। ਇਸ ਘਟਨਾ ਨਾਲ ਜੋੜ ਕੇ, ਲਿਖਤ ਪਰਗਟ ਕਰਦੀ ਹੈ ਕਿ ਪ੍ਰਭੂ ਨੇ ਆਪਣੇ ਲੋਕਾਂ ਦੇ ਲਈ ਸੰਗਠਣ ਵੀ ਪ੍ਰਦਾਨ ਕੀਤਾ।

ਨਹੂਮ ਐੱਮ. ਸਰਨਾ ਕ੍ਰਮਵਾਰ ਬਿਰਤਾਂਤ ਨੂੰ ਲੜੀਬੱਧ ਕਰਨ ਦੇ ਦੋ ਸੰਭਵ ਕਾਰਣਾਂ ਦਾ ਸੁਝਾਅ ਦਿੱਤਾ। ਸਭ ਤੋਂ ਪਹਿਲਾ, ਖਾਤਾ ਉਸ ਗਤੀ ਤੋਂ "ਤਨਾਅ ਦੀ ਬਹੁਤ ਜ਼ਰੂਰੀ ਛੁੱਟ" ਪ੍ਰਦਾਨ ਕਰਦਾ ਹੈ ਜਿਸ ਤੇ ਕਹਾਣੀ ਅੱਗੇ ਵੱਧਦੀ ਹੈ। ਦੂਸਰਾ, ਅਧਿਆਇ ਦੇ ਪਹਿਲੇ ਭਾਗ ਵਿਚ ਮਿਦਯਾਨੀਆਂ (ਜਾਂ ਕਨਾਨੀਆਂ) ਦੇ ਵਿਚਕਾਰ ਦੋਸਤਾਨਾ ਸੰਬੰਧ ਕਹਾਣੀ ਨੂੰ ਬੰਨਦੇ ਹਨ - ਅਤੇ ਉਸ ਦੇ ਇਕਦਮ ਉਲਟ - ਅਧਿਆਇ 17 ਵਿਚ ਅਮਾਲੇਕੀਆਂ ਦਾ ਧੋਖਾ ਹੈ। ਇਸੇ ਤਰ੍ਹਾਂ, ਅਧਿਆਇ ਦੇ ਅਖੀਰ ਵਿਚ "ਬਿਧੀਆਂ ਅਰ ਬਿਵਸਥਾਵਾਂ" (18:20) ਤੇ ਜ਼ੋਰ ਦਿੱਤਾ ਗਿਆ ਹੈ ਜੋ ਨੇਮ ਅਤੇ ਸ਼ਰਾ ਵਿਚ ਪੁੱਲ ਨੂੰ ਉਸਾਰਦਾ ਹੈ, ਜਿਸ ਨੂੰ ਅਧਿਆਇ 19 ਵਿਚ ਪੇਸ਼ ਕੀਤਾ ਜਾਵੇਗਾ।[3]

(2) ਯਿਥਰੋ ਦੀ ਯਾਤਰਾ ਸੀਨਈ ਪਹਾੜ ਤੇ *ਬਿਵਸਥਾ ਦਿੱਤੇ ਜਾਣ ਤੋਂ ਪਹਿਲਾਂ* ਹੋਈ ਹੋ ਸਕਦੀ ਹੈ। ਜੇਕਰ ਮੂਸਾ ਨੂੰ ਅਜੇ ਤਕ ਦਸ ਹੁਕਮ ਨਹੀਂ ਮਿਲੇ ਸਨ, ਤਾਂ ਵਾਕ “ਬਿਧੀਆਂ ਅਰ ਬਿਵਸਥਾਵਾਂ” ਪਰਮੇਸ਼ੁਰ ਦੁਆਰਾ ਦਿੱਤੇ ਗਏ ਕਾਨੂੰਨਾਂ ਦਾ ਉਲੇਖ ਹੋ ਸਕਦਾ ਹੈ ਜੋ ਪਰਮੇਸ਼ੁਰ ਦੇ ਦੁਆਰਾ ਦਿੱਤੇ ਜਾ ਚੁੱਕੇ ਸਨ ਪਰ ਲਿਖੇ ਨਹੀਂ ਗਏ ਸਨ। ਜੇਮਸ ਬਰਟਨ ਕੌਫ਼ਮੈਨ ਨੇ ਇਸ ਸਥਿਤੀ ਦੀ ਪੁਸ਼ਟੀ ਕਰਦੇ ਹੋਏ ਕਿਹਾ, ਕਿ “ਬਿਧੀਆਂ ਅਰ ਬਿਵਸਥਾਵਾਂ” “ਡੀਕਾਲੋਗ ਦਾ ਕੋਈ ਉਲੇਖ ਨਹੀਂ ਹੈ, ਜੋ ਅਜੇ ਤਕ ਨਹੀਂ ਦਿੱਤਾ ਗਿਆ ਸੀ, ਪਰ ਇਹ “ਬਿਧੀਆਂ ਅਰ ਬਿਵਸਥਾਵਾਂ” ਦੇ ਵਿਸ਼ਾਲ ਸੰਗ੍ਰਹਿ ਦਾ ਹਵਾਲਾ ਹੈ ਜੋ ਮੂਸਾ ਨੇ ਪ੍ਰਭੂ ਦੀ ਆਗਿਆ ਦੇ ਅਨੁਸਾਰ ਲੋਕਾਂ ਨੂੰ ਪਹਿਲਾਂ ਤੋਂ ਹੀ ਦੱਸ ਦਿੱਤਾ ਸੀ।”[4] ਹੋਰਨਾਂ ਸ਼ਬਦਾਂ ਵਿਚ, ਜੇਕਰ ਇਹ ਘਟਨਾ ਮੂਸਾ ਦੁਆਰਾ ਦਸ ਹੁਕਮਾਂ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਵਾਪਰੀ ਸੀ, ਤਾਂ ਉਹ ਉਸ ਸਮੇਂ ਲੋਕਾਂ ਦਾ ਨਿਆਂ ਉਸ ਦੇ ਅਨੁਸਾਰ ਕਰ ਰਿਹਾ ਸੀ ਜੋ ਕੁੱਝ ਉਹ ਉਸ ਸਮੇਂ ਪਰਮੇਸ਼ੁਰ ਦੀ ਇੱਛਾ ਦੇ ਬਾਰੇ ਜਾਣਦਾ ਸੀ। ਬਾਅਦ ਵਿਚ, “ਬਿਧੀਆਂ ਅਰ ਬਿਵਸਥਾਵਾਂ” ਪੂਰਣ ਰੀਤਿ ਦੇ ਨਾਲ ਸੀਨਈ ਪਹਾੜ ਤੇ ਦਿੱਤੇ ਜਾਣਗੇ।

ਇੱਕ ਹੋਰ ਸੰਭਾਵਨਾ ਇਹ ਹੈ ਕਿ ਸਮੀਕਰਨ “ਸੰਕਲਪ” ਹੈ, ਜੋ ਅਸੀਂ ਆਉਣਾ ਹੈ ਉਸ ਦੇ ਵਿਸ਼ੇ ਵਿਚ ਇਸ ਤਰ੍ਹਾਂ ਬੋਲਣਾ ਜਿਵੇਂ ਉਹ ਪਹਿਲਾਂ ਤੋਂ ਹੀ ਹੋਂਦ ਵਿਚ ਹੈ। ਇਸ “ਸੰਕਲਪ” ਦੀਆਂ ਹੋਰ ਉਦਾਹਰਣਾਂ ਪਹਿਲਾਂ ਕੂਚ ਵਿਚ ਪਾਈਆਂ ਜਾਂਦੀਆਂ ਹਨ, ਜਿੱਥੇ “ਹੁਕਮਾਂ” ਅਤੇ “ਬਿਧੀਆਂ” (15:26) ਅਤੇ “ਬਿਵਸਥਾ” (*ਤੋਰਹ,* ਜਾਂ “ਸ਼ਰਾ”; 16:4) ਦੇ ਬਾਰੇ ਸ਼ਰਾ ਦਿੱਤੇ ਜਾਣ ਤੋਂ ਪਹਿਲਾਂ ਹੀ ਇਨ੍ਹਾਂ ਦੀ ਗੱਲ ਕੀਤੀ ਜਾਂਦੀ ਹੈ।

## ਪਰਮੇਸ਼ੁਰ ਦੇ ਛੁਟਕਾਰੇ ਤੇ ਉਸ ਦਾ ਅਨੰਦ ਮਨਾਉਣਾ (18:8-12)

**8ਮੂਸਾ ਨੇ ਆਪਣੇ ਸੌਹਰੇ ਨੂੰ ਉਹ ਸਭ ਕੁਝ ਜਿਹੜਾ ਯਹੋਵਾਹ ਨੇ ਇਸਰਾਏਲ ਦੇ ਕਾਰਨ ਫ਼ਿਰਊਨ ਅਤੇ ਮਿਸਰੀਆਂ ਨਾਲ ਕੀਤਾ ਅਰ ਉਹ ਕਸ਼ਟ ਜਿਹੜਾ ਰਾਹ ਵਿੱਚ ਉਨ੍ਹਾਂ ਉੱਤੇ ਆਇਆ ਅਤੇ ਯਹੋਵਾਹ ਨੇ ਕਿਵੇਂ ਉਨ੍ਹਾਂ ਨੂੰ ਬਚਾਇਆ ਦੱਸਿਆ। 9ਤਾਂ ਯਿਥਰੋ ਉਸ ਸਾਰੀ ਭਲਿਆਈ ਦੇ ਕਾਰਨ ਜਿਹੜੀ ਯਹੋਵਾਹ ਨੇ ਇਸਰਾਏਲ ਨਾਲ ਕੀਤੀ ਜਦ ਉਸ ਨੂੰ ਮਿਸਰੀਆਂ ਦੇ ਹੱਥੋਂ ਬਚਾ ਦਿੱਤਾ ਅਨੰਦ ਹੋਇਆ। 10ਯਿਥਰੋ ਨੇ ਆਖਿਆ, ਯਹੋਵਾਹ ਮੁਬਾਰਕ ਹੈ ਜਿਸ ਤੁਹਾਨੂੰ ਮਿਸਰੀਆਂ ਦੇ ਹੱਥੋਂ ਅਰ ਫਿਰਊਨ ਦੇ ਹੱਥੋਂ ਬਚਾ ਦਿੱਤਾ ਅਤੇ ਜਿਸ ਲੋਕਾਂ ਨੂੰ ਮਿਸਰੀਆਂ ਦੇ ਹੱਥ ਹੇਠੋਂ ਬਚਾਇਆ। 11ਹੁਣ ਮੈਂ ਜਾਤਾ ਭਈ ਯਹੋਵਾਹ ਸਾਰੇ ਦੇਵਤਿਆਂ ਨਾਲੋਂ ਵੱਡਾ ਹੈ ਹਾਂ, ਉਸ ਗੱਲ ਵਿੱਚ ਵੀ ਜਿਸ ਵਿੱਚ ਓਹ ਉਨ੍ਹਾਂ ਉੱਤੇ ਘੁਮੰਡ ਕਰਦੇ ਸਨ। 12ਤਾਂ ਮੂਸਾ ਦਾ ਸੌਹਰਾ ਯਿਥਰੋ ਹੋਮ ਦੀ ਭੇਟ ਅਤੇ ਬਲੀਆਂ ਪਰਮੇਸ਼ੁਰ ਲਈ ਲਿਆਇਆ ਅਰ ਹਾਰੂਨ ਅਤੇ ਇਸਰਾਏਲ ਦੇ ਸਾਰੇ ਬਜ਼ੁਰਗ ਮੂਸਾ ਦੇ ਸੌਹਰੇ ਯਿਥਰੋ ਨਾਲ ਪਰਮੇਸ਼ੁਰ ਦੇ ਸਨਮੁਖ ਰੋਟੀ ਖਾਣ ਲਈ ਆਏ।**

**ਆਇਤ 8. ਮੂਸਾ** ਨੇ ਯਿਥਰੋ ਨੂੰ **ਸਭ ਕੁੱਝ** ਦੱਸਿਆ **ਜਿਹੜਾ ਯਹੋਵਾਹ ਨੇ** ਇਸਰਾਏਲ ਨੂੰ ਮਿਸਰ ਤੋਂ ਛੁਟਕਾਰਾ ਦਿਵਾਉਣ ਦੇ ਲਈ ਕੀਤਾ ਸੀ, ਲਾਲ ਸਮੁੰਦਰ ਦੇ ਵਿਚੋਂ, ਅਤੇ **ਉਹ ਕਸ਼ਟ** ਜੋ ਰਾਹ ਵਿਚ ਉਨ੍ਹਾਂ ਤੇ ਆਇਆ ਦਸ ਦਿੱਤਾ। ਇਨ੍ਹਾਂ ਮੁਸ਼ਕਲਾਂ ਵਿਚ ਭੋਜਨ ਤੇ ਪਾਣੀ ਦੀ ਕਮੀ ਦੇ ਨਾਲ ਨਾਲ, ਅਮਾਲੇਕੀਆਂ ਦੇ ਦੁਆਰਾ ਹਮਲਾ ਕੀਤਾ ਜਾਣਾ ਵੀ ਸ਼ਾਮਲ ਹੋਵੇਗਾ।

**ਆਇਤਾਂ 9-11. ਯਿਥਰੋ** ਪ੍ਰਭਾਵਿਤ ਸੀ। ਉਸ ਨੇ, **ਯਹੋਵਾਹ** ਦੀ ਪ੍ਰਸ਼ੰਸਾ ਦੇ ਉਹੀ ਸ਼ਬਦ ਇਸਤੇਮਾਲ ਕਰਦੇ ਹੋਏ ਉਸ ਨੂੰ ਦੁਹਰਾਇਆ ਜੋ ਮੂਸਾ ਨੇ ਕਿਹਾ ਸੀ ਕਿ ਪਰਮੇਸ਼ੁਰ ਨੇ ਕੀਤਾ ਸੀ, ਅਤੇ ਉਸ ਦੀ ਮਹਾਨਤਾ ਦਾ ਬਿਆਨ ਕੀਤਾ। ਉਸ ਨੇ ਫਿਰ ਸਵੀਕਾਰ ਕੀਤਾ ਕਿ **ਯਹੋਵਾਹ ਸਾਰੇ ਦੇਵਤਿਆਂ ਨਾਲੋਂ ਵੱਡਾ ਹੈ।** ਜੌਨ ਆਈ. ਡਰਹਮ ਨੇ ਕਿਹਾ, “... ਇਸ ਕਥਨ ਵਿਚ ਇਹ ਗੱਲ

ਸ਼ਾਮਲ ਹੈ ਕਿ ਯਿਥਰੋ ਵਿਸ਼ਵਾਸ ਕਰਦਾ ਹੈ, ਜਿਵੇਂ ਕਿ ਉਸ ਨੇ ਵਿਸ਼ਵਾਸ ਕੀਤਾ *ਹੈ,* ਕਿ ਯਹੋਵਾਹ ਦੇਵਤਿਆਂ ਦੇ ਵਿਚਕਾਰ ਇਕ ਪਰਮੇਸ਼ੁਰ ਹੈ। ਉਸ ਨੇ ਸੱਚਮੁੱਚ ਇਹ ਵਿਸ਼ਵਾਸ ਕੀਤਾ ਹੈ, ਕਿ ਯਹੋਵਾਹ ਹੋਰਨਾਂ ਤੋਂ ਮਹਾਨ ਹੈ। ਹੁਣ ਉਸ ਨੇ ਪੁਸ਼ਟੀ ਕੀਤੀ ਹੈ ਕਿ ਉਹ ਇਸ ਵਿਸ਼ਵਾਸ ਵਿਚ ਸਹੀ ਸੀ।"[5] ਯਿਥਰੋ ਦੇ ਸ਼ਬਦ ਇਕਈਸ਼ੁਰਵਾਦ ਨੂੰ ਨਹੀਂ ਦਰਸਾਉਂਦੇ ਜੋ ਬਾਅਦ ਵਿਚ ਇਸਰਾਏਲੀਆਂ ਦੇ ਧਰਮ ਦੀ ਵਿਸ਼ੇਸ਼ਤਾ ਰੱਖਦੇ ਸਨ, ਕਿਉਂਕਿ ਇਕਈਸ਼ੁਰਵਾਦ ਦਾ ਅਰਥ ਹੈ ਇਕ ਪਰਮੇਸ਼ੁਰ ਵਿਚ ਵਿਸ਼ਵਾਸ ਅਤੇ ਹੋਰ ਸਭਨਾਂ ਦਾ ਖੰਡਨ। ਇਸ ਦੀ ਬਜਾਇ, ਯਿਥਰੋ ਦਾ ਬਿਆਨ ਇਕਈਸ਼ੁਰਵਾਦ ਜਾਂ ਇਕ ਈਸ਼ੁਰ ਵਿਚ ਵਿਸ਼ਵਾਸ ਨੂੰ ਪ੍ਰਦਰਸ਼ਿਤ ਕਰ ਸਕਦਾ ਹੈ। ਮੋਨੋਲੇਟਰੀ ਇਕ ਪਰਮੇਸ਼ੁਰ ਦੀ ਬੰਦਗੀ ਕਰਨਾ ਹੈ ਜੋ *ਇਕੱਲਾ* ਪ੍ਰਸ਼ੰਸਾ ਦੇ ਜੋਗ ਹੈ, ਹਾਲਾਂਕਿ ਹੋਰਨਾਂ ਦੇਵਤਿਆਂ ਦੀ ਹੋਂਦ ਨੂੰ ਮੰਨਿਆ ਜਾਂਦਾ ਹੈ। ਇਕ ਈਸ਼ੁਰ ਵਿਚ ਵਿਸ਼ਵਾਸ ਦੂਸਰਿਆਂ ਦੀ ਹੋਂਦ ਨੂੰ ਨਕਾਰੇ ਬਿਨਾਂ ਜੋ ਪ੍ਰਸ਼ੰਸਾ ਦੇ ਯੋਗ ਹੋ ਸਕਦੇ ਹਨ ਇਕ ਪਰਮੇਸ਼ੁਰ ਵਿਚ ਵਿਸ਼ਵਾਸ ਕਰਨਾ ਹੈ।

ਆਇਤ 11 ਦਾ ਦੂਸਰਾ ਅੱਧ ਹੋਰ ਮੁਸ਼ਕਲ ਹੈ। ਜਦੋਂ ਲਿਖਤ ਕਹਿੰਦੀ ਹੈ ਕਿ **ਓਹ ਉਨ੍ਹਾਂ ਉੱਤੇ ਘੁਮੰਡ ਕਰਦੇ ਸਨ**, ਇਹ ਸਪੱਸ਼ਟ ਤੌਰ ਤੇ ਇਸ ਵਿਚਾਰ ਨੂੰ ਪਰਗਟ ਕਰਦੇ ਹੋਏ ਕਿ ਉਹ ਦੇਵਤੇ ਇਸਰਾਏਲ ਦੇ ਨਾਲ ਆਪਣੇ ਵਿਹਾਰ ਵਿਚ ਘਮੰਡੀ ਸਨ ਮਿਸਰ ਦੇ ਦੇਵਤਿਆਂ ਦੇ ਵਿਸ਼ੇ ਵਿਚ ਬੋਲਣਾ ਹੈ (ਵੇਖੋ NRSV; NIV; CEV)। ਡਰਹਮ ਨੇ ਅਨੁਵਾਦ ਕੀਤਾ, "ਉਨ੍ਹਾਂ ਨੇ ਉਨ੍ਹਾਂ ਦੇ ਖਿਲਾਫ਼ ਬਗਾਵਤ ਦੇ ਕੰਮ ਕੀਤੇ" ਅਤੇ ਕਿਹਾ ਕਿ ਮਿਸਰੀ ਦੇਵਤਿਆਂ ਨੇ "ਉਸ ਦੇ ਲੋਕਾਂ ਯਹੋਵਾਹ ਦੇ ਵਿਰੁੱਧ ਬਗਾਵਤ ਕੀਤੀ ਸੀ।"[6] ਡਬਲਿਯੂ. ਐੱਚ. ਗਿਸਪਨ ਨੇ ਕਿਹਾ ਕਿ ਇਸ ਦਾ ਅਰਥ ਇਹ ਹੈ ਕਿ "ਪਰਮੇਸ਼ੁਰ ਉਨ੍ਹਾਂ ਸਾਰੇ ਦੀ ਤੁਲਨਾ ਵਿਚ ਸਭ ਤੋਂ ਵੱਧ ਹੈ ਜਿੱਥੇ ਮਿਸਰ ਦੇ ਲੋਕ ਇਸਰਾਏਲੀਆਂ ਦੇ ਖਿਲਾਫ਼ ਘਮੰਡੀ ਸਨ।"[7] ਮਿਸਰ ਦੇ ਦੇਵਤਿਆਂ ਦਾ ਇਸਰਾਏਲੀਆਂ ਦੇ ਨਾਲ "ਘਮੰਡੀ" ਵਿਹਾਰ ਦਾ ਵਰਣਨ ਸ਼ਾਇਦ ਫ਼ਿਰਊਨ (ਜਿਸ ਨੂੰ ਮਿਸਰ ਦੇ ਦੇਵਤਿਆਂ ਵਿਚੋਂ ਇਕ ਦੇ ਰੂਪ ਵਿਚ ਵੇਖਿਆ ਗਿਆ ਸੀ) ਅਤੇ ਉਨ੍ਹਾਂ ਦੇਵਤਿਆਂ ਦੀ ਪੂਜਾ ਕਰਨ ਵਾਲੇ ਲੋਕਾਂ ਦੁਆਰਾ ਇਸਰਾਏਲ ਦੇ ਨਾਲ ਬੁਰਾ ਵਿਹਾਰ ਕਰਨ ਦਾ ਇਕ ਤਰੀਕਾ ਹੈ। 10:3 ਦੇ ਅਨੁਸਾਰ, ਫ਼ਿਰਊਨ ਦਾ ਪਾਪ ਇਹ ਸੀ ਕਿ ਉਸ ਨੇ ਖੁਦ ਨੂੰ ਯਹੋਵਾਹ ਦੇ ਸਾਹਮਣੇ ਨੀਵਾਂ ਨਹੀਂ ਕੀਤਾ ਸੀ। ਹੋਰਨਾਂ ਸ਼ਬਦਾਂ ਵਿਚ ਉਹ ਹੰਕਾਰੀ ਅਤੇ ਜਿੱਦੀ ਸੀ।

**ਆਇਤ 12. ਤਾਂ ਯਿਥਰੋ** ਯਹੋਵਾਹ ਲਈ ... ਬਲੀਆਂ **ਲਿਆਇਆ। ਉਸ ਨੇ ਹੋਮ ਦੀ ਭੇਟ** ਚੜ੍ਹਾਈ, **ਉਹ ਭੇਟ ਜਿਸ ਵਿਚ ਸਾਰੇ ਜਾਨਵਰ ਨੂੰ ਅੱਗ ਵਿਚ ਭਸਮ ਕੀਤਾ ਜਾਂਦਾ ਸੀ।** ਉਸ ਨੇ **ਬਲੀਆਂ** ਵੀ ਚੜ੍ਹਾਈਆਂ, ਸ਼ਾਇਦ ਜਿਸ ਨੂੰ ਬਾਅਦ ਵਿਚ "ਸੁੱਖ ਸਾਂਦ ਦੀ ਭੇਟ" ਕਿਹਾ ਜਾ ਸਕਦਾ ਹੈ, ਜਿਸ ਵਿਚ ਬਲੀਦਾਨ ਦਾ ਕੁੱਝ ਹਿੱਸਾ ਜਗਵੇਦੀ ਤੇ ਚੜ੍ਹਾਇਆ ਜਾਂਦਾ ਸੀ ਅਤੇ ਬਾਕੀ ਹਿੱਸੇ ਨੂੰ ਬੰਦਗੀ ਕਰਨ ਵਾਲਿਆਂ ਦੇ ਦੁਆਰਾ ਖਾਧਾ ਜਾਂਦਾ ਸੀ।[8] ਇਸ ਬਲੀਦਾਨ ਨੇ ਕਈ ਸਵਾਲ ਖੜੇ ਕੀਤੇ ਹਨ।

(1) ਕੀ ਯਿਥਰੋ ਨੇ ਆਪ ਬਲੀਦਾਨ ਚੜ੍ਹਾਏ? ਇਬਰਾਨੀ ਸ਼ਬਦ לָקַח *(ਲਾਕਾਸ਼),* ਜਿਸ ਦਾ ਅਨੁਵਾਦ "ਲਿਆਇਆ" ਕੀਤਾ ਗਿਆ ਹੈ (NASB; KJV; NKJV), ਅਸਪੱਸ਼ਟ ਹੈ ਅਤੇ ਇਜਾਜ਼ਤ ਦੇਵੇਗਾ, ਪਰ ਇਸ ਸੰਭਾਵਨਾ ਦੀ ਲੋੜ ਨਹੀਂ ਹੈ। ਕੁੱਝ ਸੰਸਕਰਣ ਕਿਰਿਆ ਨੂੰ "ਲਿਆਇਆ" (NRSV; NIV; REB; NAB) ਦੇ ਰੂਪ ਵਿਚ ਪੇਸ਼ ਕਰਦੇ ਹਨ, ਜਦਕਿ ਬਾਕੀ ਇਸ ਨੂੰ "ਚੜ੍ਹਾਈਆਂ" ਦੇ ਰੂਪ ਵਿਚ ਪੇਸ਼ ਕਰਦੇ ਹਨ (NJB; CEV)। ਯਿਥਰੋ ਖੁਦ ਭੇਟਾਂ ਚੜ੍ਹਾ ਸਕਦਾ ਸੀ, ਜਾਂ ਕਿਸੇ ਹੋਰ ਦੇ ਦੁਆਰਾ ਬਲੀਦਾਨ ਕਰਨ ਦੇ ਲਈ ਲਿਆ ਸਕਦਾ ਸੀ, ਜਦਕਿ ਉਹ ਖੁਦ ਸੰਸਕਾਰ ਅਤੇ ਭੋਜਨ ਦੇ ਲਈ ਜੋ ਹੋਣਾ ਸੀ ਮੌਜੂਦ ਸੀ।

(2) ਜੇਕਰ ਯਿਥਰੋ ਨੇ ਆਪ ਭੇਟਾਂ ਚੜ੍ਹਾਈਆਂ ਸਨ ਤਾਂ, ਅਜਿਹਾ ਕਰਨ ਦਾ ਅਧਿਕਾਰ ਉਸ

ਨੂੰ ਕਿਸ ਨੇ ਦਿੱਤਾ ਸੀ? ਜਦਕਿ ਸ਼ਰਾ ਮੂਸਾ ਨੂੰ ਸ਼ਾਇਦ ਦਿੱਤੀ ਨਹੀਂ ਗਈ ਸੀ, ਪਰ ਸ਼ਰਾ ਦੇ ਦਿੱਤੇ ਜਾਣ ਤੋਂ ਪਹਿਲਾਂ ਹੀ ਉਸ ਯੁੱਗ ਵਿਚ ਭੇਟਾਂ ਚੜ੍ਹਾਈਆਂ ਜਾਂਦੀਆਂ ਸਨ। ਸ਼ਾਇਦ, ਪਰਿਵਾਰ ਦੇ ਮੁਖੀ ਦੇ ਰੂਪ ਵਿਚ, ਮਿਦਯਾਨ ਦਾ ਪੁਜਾਰੀ ਹੋਣ ਦੇ ਨਾਤੇ, ਅਤੇ ਪਰਾਹੁਣੇ ਦੇ ਸਤਿਕਾਰ ਵਜੋਂ, ਯਿਥਰੋ ਨੂੰ ਸੁਨਹਿਰਾ ਮੌਕਾ ਮਿਲਿਆ ਹੋਵੇਗਾ ਕਿ ਜੇਕਰ ਉਹ ਚਾਹੇ ਤਾਂ ਆਪ ਭੇਟਾਂ ਚੜ੍ਹਾਵੇ।[9]

(3) ਕੀ ਇਨ੍ਹਾਂ ਭੇਟਾਂ ਨੂੰ ਚੜ੍ਹਾਉਣ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਯਿਥਰੋ ਇਕੋ ਪਰਮੇਸ਼ੁਰ ਵਿਚ ਵਿਸ਼ਵਾਸ ਕਰਦਾ ਸੀ? ਨਹੀਂ, ਕਿਉਂਕਿ ਪ੍ਰਾਚੀਨ ਨੇੜਲੇ ਪੂਰਬ ਵਿਚ ਉਨ੍ਹਾਂ ਦੇਵਤਿਆਂ ਨੂੰ ਜਿਨ੍ਹਾਂ ਨੂੰ ਸ਼ਕਤੀਸ਼ਾਲੀ ਸਮਝਿਆ ਜਾਂਦਾ ਸੀ ਆਦਰ ਦੇਣਾ, ਅਤੇ ਇੱਥੋਂ ਤਕ ਕਿ ਇਕ ਵਿਅਕਤੀਗਤ ਦੇਵਤੇ ਦੀ ਗੱਲ ਕਰਦੇ ਹੋਏ (ਇਸ ਦੀ ਬੰਦਗੀ ਕਰਦੇ ਸਮੇਂ) ਇਕਮਾਤਰ ਦੇ ਰੂਪ ਵਿਚ ਬੋਲਿਆ ਜਾਣਾ ਪਰੰਪਰਾਗਤ ਸੀ।[10] ਫਿਰ ਵੀ, ਜਿਵੇਂ ਪਹਿਲਾਂ ਸੰਕੇਤ ਦਿੱਤਾ ਗਿਆ ਹੈ, ਯਿਥਰੋ ਯਹੋਵਾਹ ਦਾ ਇੱਕ ਸੱਚਾ ਵਿਸ਼ਵਾਸੀ ਹੋ ਸਕਦਾ ਹੈ। ਇੱਥੋਂ ਤਕ ਕਿ ਭਾਵੇਂ ਉਹ ਪਹਿਲਾਂ ਨਹੀਂ ਸੀ, ਪਰ ਇਸ ਮੌਕੇ ਤੇ - ਉਹ ਸਭ ਕੁੱਝ ਸੁਣਨ ਤੋਂ ਬਾਅਦ ਜੋ ਯਹੋਵਾਹ ਨੇ ਆਪਣੇ ਇਸਰਾਏਲੀ ਲੋਕਾਂ ਦੇ ਲਈ ਕੀਤਾ ਸੀ - ਸ਼ਾਇਦ ਉਹ ਇੱਕੋ ਸੱਚੇ ਪਰਮੇਸ਼ੁਰ ਵਿਚ ਵਿਸ਼ਵਾਸ ਕਰਨ ਵਾਲਾ ਬਣ ਗਿਆ ਹੋਵੇ।.[11]

ਭੇਟਾਂ ਚੜ੍ਹਾਉਣ ਤੋਂ ਬਾਅਦ, **ਹਾਰੂਨ ਅਤੇ ਇਸਰਾਏਲ ਦੇ ਸਾਰੇ ਬਜ਼ੁਰਗ** (ਗਾਂ) ਨੇ ਯਿਥਰੋ ਦੇ ਨਾਲ **ਰੋਟੀ** ਖਾਧੀ। ਇਸ ਭੋਜਨ ਵਿਚ ਮੂਸਾ ਦਾ ਜ਼ਿਕਰ ਨਹੀਂ ਹੈ ਪਰ ਉਹ ਜ਼ਰੂਰ ਉੱਥੇ ਹੋਣਾ ਚਾਹੀਦਾ ਹੈ। ਰੋਟੀ ਨੂੰ ਵੰਡਣਾ ਮਹੱਤਵਪੂਰਣ ਹੋ ਸਕਦਾ ਹੈ। ਬਲੀਦਾਨ, ਇਹ ਮੰਨਦੇ ਹੋਏ ਕਿ ਉਹ ਸੁੱਖ-ਸਾਂਦ ਦੀਆਂ ਭੇਟਾਂ ਸਨ, ਲਗਭਗ ਨਿਸ਼ਚਤ ਤੌਰ ਤੇ ਭੋਜਨ ਦੇ ਲਈ ਮਾਸ ਪ੍ਰਦਾਨ ਕਰਦੇ ਹਨ। ਕਿਉਂਕਿ ਸਾਰੇ ਬਜ਼ੁਰਗ ਮੌਜੂਦ ਸਨ, ਅਤੇ ਕਿਉਂਕਿ ਸਾਰੇ ਬਜ਼ੁਰਗ "ਇਸਰਾਏਲ ਦੀ ਸੰਪੂਰਣ ਮੰਡਲੀ ਦੇ ਪ੍ਰਤਿਨਿਧੀ ਸਨ,"[12] ਇਸ ਤਰ੍ਹਾਂ ਇਕ ਅਰਥ ਵਿਚ "ਸਾਰੇ" ਇਸਰਾਏਲੀ ਉੱਥੇ ਹਾਜ਼ਰ ਸਨ।

ਇਸ ਤੋਂ ਇਲਾਵਾ, ਭੋਜਨ **ਪਰਮੇਸ਼ੁਰ ਦੇ ਸਨਮੁਖ** ਖਾਧਾ ਗਿਆ ਸੀ, ਜਿਸ ਦਾ ਅਰਥ ਹੈ ਕਿ ਇਸ ਦਾ ਇਕ ਪਵਿੱਤਰ ਉਦੇਸ਼ ਸੀ। ਇਹ ਉਦੇਸ਼ ਦੋਵਾਂ ਲੋਕਾਂ ਦੇ ਵਿਚਕਾਰ ਨੇਮ ਦੀ ਪੁਸ਼ਟੀ ਕਰਨਾ ਹੋ ਸਕਦਾ ਹੈ - ਯਿਥਰੋ ਦੇ ਲੋਕਾਂ ਅਤੇ ਇਸਰਾਏਲੀਆਂ ਦੇ ਵਿਚਕਾਰ - ਜਿਵੇਂ ਬਾਅਦ ਵਿਚ ਭੋਜਨ ਨੇਮ ਨੂੰ ਪਰਵਾਨ ਕਰਨ ਦੀ ਪ੍ਰਕਿਰਿਆ ਦਾ ਹਿੱਸਾ ਬਣ ਗਿਆ ਜਿਵੇਂ ਪਰਮੇਸ਼ੁਰ ਨੇ ਇਸਰਾਏਲ ਦੀ ਨਾਲ ਬਣਾਇਆ ਸੀ (24:11)।[13] ਜੇਕਰ ਇਹ ਭੋਜਨ ਦੋਵਾਂ ਲੋਕਾਂ ਦੇ ਵਿਚਕਾਰ ਇਕ ਨੇਮ ਨੂੰ ਸੀਲ ਕਰ ਦਿੰਦਾ ਹੈ, ਤਾਂ ਇਹ ਚੰਗੇ ਸੰਬੰਧਾਂ ਨੂੰ ਸਮਝਾਉਣ ਵਿਚ ਮਦਦ ਕਰੇਗਾ ਜੋ ਬਾਅਦ ਵਿਚ ਕੇਨੀਆਂ ਅਤੇ ਇਸਰਾਏਲ ਦਰਮਿਆਨ ਮੌਜੂਦ ਸੀ (ਨਿਆਈਆਂ 4:11-22; 1 ਸਮੂਏਲ 15:6)। ਸਪੱਸ਼ਟ ਤੌਰ ਤੇ ਕੇਨੀ ਲੋਕ ਮਿਦਯਾਨੀਆਂ ਦੇ ਪਰਿਵਾਰ ਸਨ ਮੂਸਾ ਦਾ ਸੌਹਰਾ ਉਨ੍ਹਾਂ ਨਾਲ ਸੰਬੰਧ ਰੱਖਦਾ ਸੀ (ਨਿਆਈਆਂ 4:11)।

## ਮੂਸਾ ਨੂੰ ਉਸ ਦੀ ਸਲਾਹ (18:13-27)

**13ਅਗਲੇ ਦਿਨ ਐਉਂ ਹੋਇਆ ਕਿ ਮੂਸਾ ਪਰਜਾ ਦਾ ਨਿਆਉਂ ਕਰਨ ਲਈ ਬੈਠਾ ਅਰ ਪਰਜਾ ਮੂਸਾ ਦੇ ਅੱਗੇ ਸਵੇਰ ਤੋਂ ਸ਼ਾਮ ਤੀਕ ਖਲੋਤੀ ਰਹੀ। 14ਜਾਂ ਮੂਸਾ ਦੇ ਸੌਹਰੇ ਨੇ ਉਹ ਸਭ ਕੁਝ ਜੋ ਉਸ ਨੇ ਪਰਜਾ ਨਾਲ ਕੀਤਾ ਡਿੱਠਾ ਤਾਂ ਆਖਿਆ, ਏਹ ਕੀ ਗੱਲ ਹੈ ਜੋ ਤੂੰ ਪਰਜਾ ਨਾਲ ਕਰਦਾ ਹੈ? ਤੂੰ ਕਿਉਂ ਇਕੱਲਾ ਬੈਠਦਾ ਹੈਂ ਅਰ ਸਾਰੀ ਪਰਜਾ ਸਵੇਰ ਤੋਂ ਸ਼ਾਮ ਤੀਕ ਤੇਰੇ ਅੱਗੇ ਖਲੋਤੀ ਰਹਿੰਦੀ ਹੈ? 15ਤਾਂ ਮੂਸਾ ਨੇ ਆਪਣੇ ਸੌਹਰੇ ਨੂੰ ਆਖਿਆ, ਏਸ ਕਰਕੇ ਭਈ ਪਰਜਾ ਮੇਰੇ ਕੋਲ ਪਰਮੇਸ਼ੁਰ ਦੀ ਭਾਲ ਲਈ ਆਉਂਦੀ ਹੈ। 16ਜਾਂ ਉਨ੍ਹਾਂ ਵਿੱਚ ਕੋਈ ਗੱਲ ਹੁੰਦੀ ਹੈ ਤਾਂ ਓਹ ਮੇਰੇ ਕੋਲ**

**ਆਉਂਦੇ ਹਨ ਅਰ ਮੈਂ ਉਸ ਮਨੁੱਖ ਅਰ ਉਸ ਦੇ ਗਵਾਂਢੀ ਵਿੱਚ ਨਿਆਉਂ ਕਰ ਦਿੰਦਾ ਹਾਂ ਅਤੇ ਮੈਂ ਉਨ੍ਹਾਂ ਨੂੰ ਪਰਮੇਸ਼ੁਰ ਦੀਆਂ ਬਿਧੀਆਂ ਅਰ ਬਿਵਸਥਾ ਜਤਾ ਦਿੰਦਾ ਹਾਂ। [17]ਤਾਂ ਮੂਸਾ ਦੇ ਸੌਹਰੇ ਨੇ ਉਹ ਨੂੰ ਆਖਿਆ, ਜੋ ਤੂੰ ਕਰਦਾ ਹੈਂ ਸੋ ਚੰਗੀ ਗੱਲ ਨਹੀਂ ਹੈ। [18]ਤੂੰ ਜ਼ਰੂਰ ਥੱਕ ਜਾਵੇਂਗਾ, ਤੂੰ ਵੀ ਅਰ ਤੇਰੇ ਨਾਲ ਏਹ ਲੋਕ ਵੀ ਕਿਉਂ ਜੋ ਏਹ ਕੰਮ ਤੇਰੇ ਲਈ ਬਹੁਤਾ ਭਾਰੀ ਹੈ। ਤੂੰ ਇਕੱਲਾ ਏਸ ਨੂੰ ਨਹੀਂ ਕਰ ਸੱਕਦਾ। [19]ਤੂੰ ਹੁਣ ਮੇਰੀ ਗੱਲ ਸੁਣ। ਮੈਂ ਤੈਨੂੰ ਮੱਤ ਦਿੰਦਾ ਹਾਂ ਅਤੇ ਪਰਮੇਸ਼ੁਰ ਤੇਰੇ ਸੰਗ ਹੋਵੇਗਾ। ਤੂੰ ਲੋਕਾਂ ਲਈ ਪਰਮੇਸ਼ੁਰ ਦੇ ਥਾਂ ਰਹੀਂ ਅਤੇ ਤੂੰ ਉਨ੍ਹਾਂ ਗੱਲਾਂ ਨੂੰ ਪਰਮੇਸ਼ੁਰ ਅੱਗੇ ਲਿਆਈਂ। [20]ਤੂੰ ਬਿਧੀਆਂ ਅਰ ਬਿਵਸਥਾਵਾਂ ਉਨ੍ਹਾਂ ਨੂੰ ਸਿਖਾਲ ਅਤੇ ਉਹ ਰਾਹ ਜਿਸ ਉੱਤੇ ਚੱਲਣਾ ਹੈ ਅਤੇ ਉਹ ਕੰਮ ਜਿਸ ਨੂੰ ਕਰਨਾ ਹੈ ਉਨ੍ਹਾਂ ਨੂੰ ਜਤਾ ਦੇਹ। [21]ਨਾਲੇ ਤੂੰ ਸਾਰਿਆਂ ਲੋਕਾਂ ਵਿੱਚੋਂ ਸਿਆਣੇ ਮਨੁੱਖਾਂ ਨੂੰ ਜਿਹੜੇ ਪਰਮੇਸ਼ੁਰ ਤੋਂ ਡਰਦੇ ਅਤੇ ਸਤਵਾਦੀ ਅਰ ਲੋਭ ਦੇ ਵੈਰੀ ਹੋਣ ਚੁਗ ਲੈ। ਉਨ੍ਹਾਂ ਨੂੰ ਲੋਕਾਂ ਉੱਤੇ ਹਜ਼ਾਰਾਂ ਦੇ ਸਰਦਾਰ, ਸੈਂਕੜਿਆਂ ਦੇ ਸਰਦਾਰ, ਪੰਜਾਹ ਦੇ ਸਰਦਾਰ ਅਤੇ ਦਸਾਂ ਦੇ ਸਰਦਾਰ ਠਹਿਰਾ ਦੇਣਾ। [22]ਓਹ ਹਰ ਵੇਲੇ ਲੋਕਾਂ ਦਾ ਨਿਆਉਂ ਕਰਨ ਅਤੇ ਐਉਂ ਹੋਵੇ ਭਈ ਹਰ ਇੱਕ ਵੱਡੀ ਗੱਲ ਤੇਰੇ ਕੋਲ ਲਿਆਉਣ ਪਰ ਛੋਟੀਆਂ ਗੱਲਂ ਨੂੰ ਆਪ ਨਬੇੜਨ ਸੋ ਐਉਂ ਤੇਰੇ ਲਈ ਸੌਖਾ ਰਹੇਗਾ ਅਰ ਓਹ ਤੇਰੇ ਨਾਲ ਭਾਰ ਹਲਕਾ ਕਰਨ। [23]ਜੇ ਤੂੰ ਏਸ ਗੱਲ ਨੂੰ ਕਰੇਂਗਾ ਅਰ ਪਰਮੇਸ਼ੁਰ ਤੈਨੂੰ ਹੁਕਮ ਦੇਵੇ ਤਾਂ ਤੂੰ ਝੱਲ ਸੱਕੇਂਗਾ ਅਰ ਏਹ ਸਾਰੇ ਲੋਕ ਵੀ ਸੁੱਖ ਸਾਂਦ ਨਾਲ ਆਪਣੇ ਅਸਥਾਨਾਂ ਨੂੰ ਜਾਣਗੇ। [24]ਸੋ ਮੂਸਾ ਨੇ ਆਪਣੇ ਸੌਹਰੇ ਦੀ ਗੱਲ ਨੂੰ ਸੁਣਿਆ ਅਰ ਜੋ ਉਸ ਆਖਿਆ ਸੀ ਸੋ ਹੀ ਕੀਤਾ। [25]ਤਾਂ ਮੂਸਾ ਨੇ ਸਿਆਣੇ ਮਨੁੱਖਾਂ ਨੂੰ ਸਾਰੇ ਇਸਰਾਏਲ ਵਿੱਚੋਂ ਚੁਣ ਕੇ ਓਹਨਾਂ ਨੂੰ ਪਰਜਾ ਉੱਤੇ ਪਰਧਾਨ ਠਹਿਰਾਇਆ ਹਜ਼ਾਰਾਂ ਦੇ ਸਰਦਾਰ, ਸੈਂਕੜਿਆਂ ਦੇ ਸਰਦਾਰ, ਪੰਜਾਹਾਂ ਦੇ ਸਰਦਾਰ ਦਸਾਂ ਦੇ ਸਰਦਾਰ। [26]ਓਹ ਹਰ ਵੇਲੇ ਪਰਜਾ ਦਾ ਨਿਆਉਂ ਕਰਦੇ ਸਨ ਅਤੇ ਔਖਾ ਕੰਮ ਮੂਸਾ ਕੋਲ ਲਿਆਉਂਦੇ ਸਨ ਪਰ ਸਾਰੇ ਛੋਟੇ ਕੰਮ ਆਪ ਨਬੇੜ ਲੈਂਦੇ ਸਨ। [27]ਮੂਸਾ ਨੇ ਆਪਣੇ ਸੌਹਰੇ ਨੂੰ ਵਿਦਿਆ ਕੀਤਾ ਤਾਂ ਉਹ ਆਪਣੇ ਦੇਸ ਦੇ ਰਾਹ ਪੈ ਗਿਆ।**

**ਆਇਤਾਂ 13, 14.** ਬਜ਼ੁਰਗਾਂ ਦੇ ਨਾਲ ਇਕੱਠੇ ਭੋਜਨ ਕਰਨ ਤੋਂ ਅਗਲੇ **ਦਿਨ,** ਯਿਥਰੋ ਨੇ ਇਸਰਾਏਲ ਦੀ ਅਦਾਲਤੀ ਪ੍ਰਣਾਲੀ ਨੂੰ ਲਾਗੂ ਕੀਤਾ। **ਮੂਸਾ** ਇਕੱਲਾ ਹੀ **ਪਰਜਾ ਦਾ ਨਿਆਉਂ ਕਰਨ ਲਈ ਬੈਠਾ** ਅਤੇ **ਪਰਜਾ** ਉਸ ਦੇ ਸਾਹਮਣੇ ਪੇਸ਼ ਹੋਣ ਦੀ ਆਪਣੀ ਵਾਰੀ ਦੇ ਇੰਤਜ਼ਾਰ ਵਿਚ **ਖਲੋਤੀ ਰਹੀ।** ਮੂਸਾ ਦੇ ਨਿਆਂ ਦਾ ਅਰਥ ਹੈ "'ਪਰਮੇਸ਼ੁਰ ਦੇ ਹੁਕਮਾਂ ਅਤੇ ਕਾਨੂੰਨਾਂ' ਦੇ ਮਿਆਰਾਂ ਦੇ ਆਧਾਰ ਤੇ ਪਾਰਟੀਆਂ ਦੇ ਵਿਚਕਾਰ ਕਾਨੂੰਨੀ ਮਾਮਲਿਆਂ ਤੇ ਵਿਚੋਲਗੀ ਕਰਨਾ (ਆਇਤ 16)।"[14] ਯਿਥਰੋ ਦਾ ਮੰਨਣਾ ਸੀ ਕਿ ਬਿਵਸਥਾ ਵਿਚ ਸੁਧਾਰ ਦੀ ਲੋੜ ਹੈ। ਸੁਧਾਰ ਦੇ ਪ੍ਰਤਿ ਉਸ ਦਾ ਪਹਿਲਾ ਕਦਮ ਮੂਸਾ ਨੂੰ ਪੁੱਛਣਾ ਸੀ ਕਿ **ਕਿਉਂ** ਉਹ **ਇਕੱਲਾ ਪਰਜਾ ਦਾ** ਨਿਆਉਂ ਕਰਦਾ ਸੀ ਇਸ ਨਾਲ ਉਨ੍ਹਾਂ ਵਿਚੋਂ ਕਈ ਲੋਕਾਂ ਨੂੰ ਆਪਣੀ ਸੁਣਵਾਈ ਦੇ ਲਈ ਸਾਰਾ ਦਿਨ ਖੜ੍ਹਾ ਰਹਿਣਾ ਪੈਂਦਾ ਹੈ।

**ਆਇਤਾਂ 15, 16. ਮੂਸਾ** ਨੇ ਉੱਤਰ ਦਿੱਤਾ, ਅਸਲ ਵਿਚ, ਉਸ ਨੂੰ ਪਰਮੇਸ਼ੁਰ ਦੇ ਚੁਣੇ ਹੋਏ ਪ੍ਰਤਿਨਿਧੀ ਦੇ ਰੂਪ ਵਿਚ ਚੁਣਿਆ ਗਿਆ ਸੀ। ਇਸ ਲਈ, ਜੇ **ਪਰਜਾ** ਕਿਸੇ ਵੀ ਮਾਮਲੇ ਵਿਚ ਪਰਮੇਸ਼ੁਰ ਦੀ ਸਲਾਹ ਨੂੰ ਜਾਣਨਾ ਚਾਹੁੰਦੀ ਸੀ, ਤਾਂ ਉਨ੍ਹਾਂ ਨੂੰ ਆ ਕੇ ਉਸ ਨੂੰ ਪੁੱਛਣਾ ਪੈਂਦਾ ਸੀ। **ਪਰਮੇਸ਼ੁਰ ਦੀ ਭਾਲ** ਕਰਨਾ ਮੂਸਾ ਦੀ ਭਾਲ ਕਰਨਾ ਸੀ। ਜੇਕਰ ਲੋਕਾਂ **ਵਿੱਚ ਕੋਈ ਗੱਲ ਹੁੰਦੀ** ਸੀ, ਤਾਂ ਮੂਸਾ ਇਹ ਨਿਰਧਾਰਤ ਕਰਨ ਦੇ ਲਈ ਤਿਆਰ ਸੀ ਕੌਣ ਸਹੀ ਅਤੇ ਕੌਣ ਗਲਤ ਸੀ। ਜੇਕਰ ਪਰਮੇਸ਼ੁਰ ਨੇ ਪਹਿਲਾਂ ਤੋਂ ਹੀ ਕਿਸੇ ਪੂਰਵ ਪ੍ਰਕਾਸ਼ਣ ਦੇ ਦੁਆਰਾ ਮੂਸਾ ਨੂੰ ਉੱਤਰ ਨਾ ਦਿੱਤਾ ਹੁੰਦਾ ਸੀ, ਤਾਂ ਮੂਸਾ ਪਰਮੇਸ਼ੁਰ ਤੋਂ ਪੁੱਛੇਗਾ ਅਤੇ ਪਰਮੇਸ਼ੁਰ ਉਸ ਨੂੰ ਇਕ ਉੱਤਰ ਦੇਵੇਗਾ। ਮੂਸਾ ਨੇ ਇਸਰਾਏਲ ਨੂੰ **ਪਰਮੇਸ਼ੁਰ ਦੀਆਂ ਬਿਧੀਆਂ ਅਰ ਬਿਵਸਥਾ** ਸਿਖਾ ਕੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ।

**ਆਇਤਾਂ 17, 18.** ਯਿਥਰੋ ਨੇ ਜਵਾਬ ਦਿੰਦੇ ਹੋਏ ਕਿਹਾ, **ਜੋ ਤੂੰ ਕਰਦਾ ਹੈਂ ਸੋ ਚੰਗੀ ਗੱਲ ਨਹੀਂ ਹੈ।** ਬਿਵਸਥਾ ਵਿਚ ਸੁਧਾਰ ਲਿਆਉਣ ਦੀ ਲੋੜ ਸੀ ਕਿਉਂਕਿ ਮੂਸਾ ਦੇ ਲਈ ਇਸ ਵੱਡੇ ਕੰਮ ਨੂੰ ਇਕੱਲੇ ਕਰ ਸਕਣਾ ਬਹੁਤ ਮੁਸ਼ਕਲ ਸੀ ਕਿਉਂਕਿ ਆਪਣੇ ਮਾਮਲੇ ਸੁਣਾਉਣ ਦੇ ਲਈ **ਲੋਕ** ਕਈ ਘੰਟੇ ਇੰਤਜ਼ਾਰ ਕਰਦੇ ਰਹਿੰਦੇ ਸਨ।

**ਆਇਤਾਂ 19, 20.** ਸਿੱਟੇ ਵਜੋਂ, ਯਿਥਰੋ ਨੇ ਸੁਝਾਅ ਦਿੱਤਾ ਕਿ ਮੂਸਾ ਨੂੰ ਉਸ ਭੂਮਿਕਾ ਵਿਚ ਵਧੇਰੇ ਚੋਣਾਤਮਕ ਹੋਣ ਚੀਹੀਦਾ ਸੀ। ਉਸ ਨੇ ਦੋ ਸਿਫਾਰਸ਼ਾਂ ਕੀਤੀਆਂ। ਪਹਿਲਾ, ਉਸ ਨੇ ਕਿਹਾ, **ਤੂੰ ਲੋਕਾਂ ਲਈ ਪਰਮੇਸ਼ੁਰ ਦੇ ਥਾਂ ਰਹੀਂ।** ਪ੍ਰਾਰਥਨਾ ਵਿਚ, ਮੂਸਾ ਉਨਾਂ ਦੀਆਂ ਮੁਸ਼ਕਲਾਂ ਅਤੇ ਮਾਮਲੇ ਪ੍ਰਭੂ ਤਕ ਪਹੁੰਚਾ ਸਕਦਾ ਸੀ। ਦੂਸਰਾ, ਅਸਲ ਵਿਚ, ਉਸ ਨੇ ਕਿਹਾ ਕਿ, "ਉਹ ਲੋਕਾਂ ਲਈ ਪਰਮੇਸ਼ੁਰ ਦਾ ਪ੍ਰਤਿਨਿਧੀ ਬਣੇ।" ਮੂਸਾ **ਬਿਧੀਆਂ ਅਰ ਬਿਵਸਥਾਵਾਂ ਉਨ੍ਹਾਂ ਨੂੰ ਸਿਖਾਲ** (ਸਿਖਾਵੇ) **ਅਤੇ ਉਹ ਰਾਹ ਜਿਸ ਉੱਤੇ ਚੱਲਣਾ ਹੈ ਅਤੇ ਉਹ ਕੰਮ ਜਿਸ ਨੂੰ ਕਰਨਾ ਹੈ ਉਨ੍ਹਾਂ ਨੂੰ ਜਤਾ ਦੇਵੇ।**

**ਆਇਤ 21.** ਯਿਥਰੋ ਨੇ ਅੱਗੇ ਸਿਫਾਰਸ਼ ਕੀਤੀ ਕਿ ਮੂਸਾ ਹਰ ਰੋਜ਼ ਹੋਣ ਵਾਲੇ ਵਿਵਾਦਾਂ ਦਾ ਨਿਪਟਾਰਾ ਕਰਨਾ ਦੂਜਿਆਂ ਤੇ ਛੱਡ ਦੇਵੇ, ਉਨ੍ਹਾਂ ਲੋਕਾਂ ਤੇ ਜਿਨ੍ਹਾਂ ਨੂੰ ਉਹ ਲੋਕਾਂ ਤੇ ਨਿਯੁਕਤ ਕਰੇਗਾ। ਸਪੱਸ਼ਟ ਤੌਰ ਤੇ, ਇਸਰਾਏਲ ਨੂੰ ਹੇਠਲੀਆਂ ਅਤੇ ਉੱਪਰਲੀਆਂ ਅਦਾਲਤਾਂ ਦੇ ਸਮਾਨ ਹੋਣਾ ਚਾਹੀਦਾ ਹੈ, ਕਿਉਂਕਿ ਨਿਯੁਕਤ ਕੀਤੇ ਲੋਕਾਂ ਨੂੰ **ਹਜ਼ਾਰਾਂ ਦੇ ਸਰਦਾਰ, ਸੈਂਕੜਿਆਂ ਦੇ ਸਰਦਾਰ, ਪੰਜਾਹ ਦੇ ਸਰਦਾਰ ਅਤੇ ਦਸਾਂ ਦੇ ਸਰਦਾਰ** ਠਹਿਰਾ ਦਿੱਤਾ ਜਾਵੇਗਾ।

ਇਨ੍ਹਾਂ ਮਨੁੱਖਾਂ ਨੂੰ ਕੰਮ ਦੇ ਕਰਨ ਦੇ ਯੋਗ ਹੋਣਾ ਸੀ। ਉਨ੍ਹਾਂ ਨੂੰ **ਸਿਆਣੇ ਮਨੁੱਖਾਂ** (ਮਨੁੱਖ), ਕਾਬਲ ਅਤੇ ਬੁੱਧੀਮਾਨ ਮਨੁੱਖ, **ਜਿਹੜੇ ਪਰਮੇਸ਼ੁਰ ਤੋਂ ਡਰਦੇ** ਹੋਣ ਹੋਣਾ ਚਾਹੀਦਾ ਸੀ। ਅਜਿਹੇ ਆਗੂ ਕਦੀ ਵੀ ਕਿਸੇ ਦੇ ਨਾਲ ਜਾਣਬੁੱਝ ਕੇ ਗਲਤ ਨਹੀਂ ਕਰਣਗੇ। **ਸਤਵਾਦੀ** ਹੋਣ ਦੇ ਨਾਤੇ, ਉਹ ਜਦੋਂ ਕਿਸੇ ਮਾਮਲੇ ਦੀ ਸੁਣਵਾਈ ਕਰਣਗੇ ਤਾਂ ਪਰਮੇਸ਼ੁਰ ਦੀ ਇੱਛਾ ਦੀ ਭਾਲ ਕਰਣਗੇ। **ਲੋਭ ਦੇ ਵੈਰੀ ਹੋਣ** ਦੇ ਨਾਤੇ, ਉਨ੍ਹਾਂ ਨੂੰ ਰਿਸ਼ਵਤ ਨਹੀਂ ਦਿੱਤੀ ਜਾ ਸਕਦੀ ਸੀ।

**ਆਇਤਾਂ 22, 23.** ਇਹ ਨਿਯੁਕਤ ਕੀਤੇ ਹੋਏ ਲੋਕ ਜ਼ਿਆਦਾਤਰ ਮਾਮਲਿਆਂ ਨੂੰ ਸੁਣਨ ਵਿਚ ਮੂਸਾ ਦਾ ਸਥਾਨ ਲੈਣਗੇ, ਜਿਨ੍ਹਾਂ ਨੂੰ **ਛੋਟੀਆਂ ਗੱਲਾਂ** ਦੇ ਰੂਪ ਵਿਚ ਵੰਡਿਆ ਜਾਵੇਗਾ। ਜਦੋਂ **ਇੱਕ ਵੱਡੀ ਗੱਲ** ਹੋਵੇ, ਤਾਂ ਮਾਮਲੇ ਦਾ ਨਿਆਂ ਕਰਨ ਦੇ ਲਈ ਮੂਸਾ ਕੋਲ ਲਿਆਉਣਗੇ। ਦੂਜਿਆਂ ਦੇ ਨਾਲ ਕੰਮ ਨੂੰ ਸਾਂਝਾ ਕਰਨ ਦੀ ਪ੍ਰਣਾਲੀ ਮੂਸਾ ਦੇ ਕੰਮ ਨੂੰ ਸੌਖਾ ਕਰ ਦੇਵੇਗੀ, ਅਤੇ ਉਹ **ਝੱਲ ਸਕੇਂਗਾ** (ਸਕੇਗਾ)। ਇਸ ਤੋਂ ਇਲਾਵਾ, ਨਵੇਂ ਪ੍ਰਬੰਧ ਦੇ ਨਾਲ **ਲੋਕ** (ਲੋਕਾਂ) ਨੂੰ ਫਾਇਦਾ ਹੋਵੇਗਾ, ਕਿਉਂਕ ਉਨ੍ਹਾਂ ਦੇ ਮਾਮਲਿਆਂ ਨੂੰ ਸਮੇਂ ਸਿਰ ਸੁਣਿਆ ਜਾਵੇਗਾ, ਇਸ ਤਰ੍ਹਾਂ **ਲੋਕ ਵੀ ਸੁੱਖ ਸਾਂਦ ਨਾਲ ਆਪਣੇ ਅਸਥਾਨਾਂ ਨੂੰ ਜਾਣਗੇ।** ਅਸੰਤੁਸ਼ਟ ਰਵੱਈਏ ਦੇ ਉਲਟ, ਜਦੋਂ ਉਨ੍ਹਾਂ ਨੂੰ ਮੂਸਾ ਦੇ ਇਕ ਭੇਂਟ ਕਰਨ ਦੇ ਲਈ ਕਈ ਕਈ ਘੰਟੇ ਇੰਤਜ਼ਾਰ ਕਰਨਾ ਪੈਂਦਾ ਸੀ, ਉਹ ਸੰਤੁਸ਼ਟ ਹੋ ਕੇ ਘਰਾਂ ਨੂੰ ਜਾਣਗੇ।

ਭਾਵੇਂ ਸਲਾਹ ਉਸ ਕੋਲੋਂ ਮਿਲੀ ਸੀ, ਪਰ ਯਿਥਰੋ ਨੇ ਜ਼ੋਰ ਦਿੱਤਾ ਕਿ ਮੂਸਾ ਨੂੰ ਉਸ ਦੇ ਸੁਝਾਵਾਂ ਦੇ ਅਨੁਸਾਰ ਤਦ ਹੀ ਕੰਮ ਕਰਨਾ ਚਾਹੀਦਾ ਹੈ ਜੇਕਰ **ਪਰਮੇਸ਼ੁਰ** ਉਸ ਨੂੰ ਅਜਿਹਾ ਕਰਨ ਦਾ ਹੁਕਮ ਦੇਵੇ।[15] ਇਸ ਲਈ, ਇਸ ਨਵੇਂ ਸੰਗਠਣ ਦੀ ਸੰਸਥਾ ਦੇ ਕੋਲ ਪਰਮੇਸ਼ੁਰ ਦੀ ਪਰਵਾਨਗੀ ਹੋਣੀ ਜ਼ਰੂਰੀ ਸੀ (ਵੇਖੋ ਗਿਣਤੀ 11:16, 17, 24, 25)।

**ਆਇਤਾਂ 24-26. ਮੂਸਾ** ਦੀ ਪ੍ਰਸ਼ੰਸਾ ਲਈ, ਉਸ ਨੇ **ਆਪਣੇ ਸੌਹਰੇ ਦੀ ਗੱਲ ਨੂੰ ਸੁਣਿਆ ਅਰ ਜੋ ਉਸ ਆਖਿਆ ਸੀ ਸੋ ਹੀ ਕੀਤਾ** (18:17-23)। ਉਹ ਅਸਾਨੀ ਨਾਲ ਤਰਕ ਕਰ ਸਕਦਾ ਸੀ: "ਮੈਂ ਇਸਰਾਏਲੀਆਂ ਦਾ ਆਗੂ ਹਾਂ। ਮੈਂ ਪਰਮੇਸ਼ੁਰ ਦੇ ਨਾਲ ਗੱਲ ਕੀਤੀ ਹੈ, ਅਤੇ ਉਸ ਨੇ ਆਪਣੀ ਇੱਛਾ ਨੂੰ ਮੇਰੇ ਤੇ ਪਰਗਟ ਕੀਤਾ ਹੈ। ਮੈਂ ਇਸਰਾਏਲੀਆਂ ਨੂੰ ਮਿਸਰ ਤੋਂ ਬਾਹਰ ਲਿਆਇਆ ਹਾਂ, ਅਤੇ ਮੈਂ ਜਾਣਦਾ ਹਾਂ ਕਿ ਮੈਂ ਕੀ ਕਰ ਰਿਹਾ ਹਾਂ। ਇਹ ਮਿਦਯਾਨੀ ਕੌਣ ਹੈ ਜੋ ਇਹ ਸਮਝਦਾ ਹੈ ਕਿ

ਉਹ ਮੈਨੂੰ ਦੱਸ ਸਕਦਾ ਹੈ ਕਿ ਮੈਂ ਕੀ ਕਰਨਾ ਹੈ?" ਦੂਸਰਿਆਂ ਦੇ ਸੁਝਾਵਾਂ ਨੂੰ ਸਵੀਕਾਰ ਕਰਨ ਦੀ ਮੂਸਾ ਦੀ ਇੱਛਾ ਉਸ ਦੀ ਨਿਮਰਤਾ ਦਾ ਸਬੂਤ ਹੈ (ਗਿਣਤੀ 12:3)।

ਇਸ ਕਹਾਣੀ ਦੀ ਇੱਕ ਉਲੇਖਯੋਗ ਵਿਸ਼ੇਸ਼ਤਾ ਇਹ ਹੈ ਕਿ ਇਸਰਾਏਲ ਦੀ ਨਿਆਂ ਪ੍ਰਣਾਲੀ ਇਕ ਗੈਰ ਇਸਰਾਏਲੀ, ਮਿਦਯਾਨੀ ਪੁਜਾਰੀ ਯਿਥਰੋ ਤੋਂ ਆਈ।[16] ਕਿਸੇ ਵੀ ਇਸਰਾਏਲੀ ਲੇਖਕ ਨੇ ਇਸ ਤਰ੍ਹਾਂ ਦੀ ਕੋਈ ਕਹਾਣੀ ਨਹੀਂ ਬਣਾਈ ਹੋਵੇਗੀ; ਪੈਂਟਾਟਿਊਕ ਵਿਚ ਇਸ ਨੂੰ ਸ਼ਾਮਲ ਕਰਨ ਲਈ ਸਿਰਫ ਇਕ ਤਰਕ ਸੰਗਤ ਵਿਆਖਿਆ ਇਹ ਹੈ ਕਿ ਇਹ ਘਟਨਾ ਸੱਚਮੁੱਚ ਵਾਪਰੀ ਸੀ।

**ਆਇਤ 27.** ਯਿਥਰੋ ਦੇ ਦੁਆਰਾ ਸਲਾਹ ਦਿੱਤੇ ਜਾਣ ਅਤੇ ਇਸ ਨੂੰ ਸਵੀਕਾਰ ਕਰ ਲਏ ਜਾਣ ਤੋਂ ਬਾਅਦ, **ਮੂਸਾ ਨੇ ਆਪਣੇ ਸੌਹਰੇ ਨੂੰ ਵਿਦਿਆ ਕੀਤਾ।** ਯਿਥਰੋ ਫਿਰ ਮਿਦਯਾਨ ਵਾਪਸ ਆ ਗਿਆ।

ਗਿਣਤੀ 10 ਅਧਿਆਇ ਦੱਸਦਾ ਹੈ ਕਿ, ਸੀਨਈ ਤੇ ਇਕ ਸਾਲ ਰਹਿਣ ਤੋਂ ਬਾਅਦ ਜਦੋਂ ਇਸਰਾਏਲੀ ਪਹਾੜ ਨੂੰ ਛੱਡ ਕੇ ਕਨਾਨ ਜਾਣ ਲਈ ਤਿਆਰ ਸੀ, "ਤਾਂ ਮੂਸਾ ਦੇ ਸੌਹਰੇ ਰਊਏਲ ਮਿਦਯਾਨੀ ਦਾ ਪੁੱਤ੍ਰ ਹੋਬਾਬ" ਇਸਰਾਏਲ ਦੇ ਨਾਲ ਸੀ। ਮੂਸਾ ਨੇ ਹੋਬਾਬ ਨੂੰ, ਆਪਣੇ ਜੀਜੇ ਨੂੰ, ਇਸਰਾਏਲੀਆਂ ਦੀ ਯਾਤਰਾ ਵਿਚ ਉਨ੍ਹਾਂ ਦੇ ਨਾਲ ਜਾਣ ਲਈ ਸੱਦਾ ਦਿੱਤਾ (ਗਿਣਤੀ 10:29)। ਉਸ ਨੇ ਪਹਿਲਾਂ ਨਾ ਕਰ ਦਿੱਤੀ ਅਤੇ ਆਪਣੇ ਦੇਸ ਵਿਚ ਜਾਣ ਲਈ ਜ਼ੋਰ ਦਿੱਤਾ, ਪਰ ਮੂਸਾ ਨੇ ਉਸ ਦੇ ਸਾਹਮਣੇ ਬੇਨਤੀ ਕੀਤੀ ਕਿ ਉਸ ਦੇ ਨਾਲ ਰਹੇ ਅਤੇ ਜਦੋਂ ਤਕ ਇਸਰਾਏਲੀ ਉਸ ਇਲਾਕੇ ਨੂੰ ਜਾਣ ਨਾ ਲੈਣ ਉਹ ਉਨ੍ਹਾਂ ਦੇ ਲਈ "ਅੱਖਾਂ" ਬਣੇ। ਸੱਚਮੁੱਚ, ਮੂਸਾ ਨੇ ਵਾਇਦਾ ਕੀਤਾ ਕਿ ਪ੍ਰਭੂ ਹੋਬਾਬ ਦੇ ਨਾਲ ਉਸੇ ਤਰ੍ਹਾਂ ਵਰਤੇਗਾ ਜਿਵੇਂ ਉਹ ਇਸਰਾਏਲੀਆਂ ਦੇ ਨਾਲ ਵਰਤਿਆ ਹੈ (ਗਿਣਤੀ 10:30-32)। ਲਿਖਤ ਇਹ ਨਹੀਂ ਕਹਿੰਦੀ ਕਿ ਹੋਬਾਬ ਨੇ ਮੂਸਾ ਦੀ ਪੇਸ਼ਕਸ਼ ਨੂੰ ਸਵੀਕਾਰ ਕੀਤਾ ਸੀ ਜਾਂ ਨਹੀਂ, ਹਾਲਾਂਕਿ ਕੁੱਝ ਕੇਨੀ ਬਾਅਦ ਵਿਚ ਕਨਾਨ ਵਿਚ ਇਸਰਾਏਲੀਆਂ ਦੇ ਨਾਲ ਰਹਿ ਰਹੇ ਸਨ (ਜੱਜ 1:16; 4:11; 1 ਸਮੂਏਲ 15:6; 27:10)।[17]

ਕੁੱਝ ਟਿੱਪਣੀਕਾਰ ਮੰਨਦੇ ਹਨ ਕਿ ਗਿਣਤੀ 10 ਅਤੇ ਕੂਚ 18 ਇਕੋ ਮੌਕੇ ਦੇ ਵਿਸ਼ੇ ਵਿਚ ਬੋਲਦੇ ਹਨ।[18] ਭਾਵੇਂ ਇਹ ਸੰਭਵ ਹੈ, ਪਰ ਇਹ ਵੱਖ-ਵੱਖ ਘਟਨਾਵਾਂ ਹੋ ਸਕਦੀਆਂ ਹਨ। ਇਕ ਸੰਭਾਵਨਾ ਇਹ ਹੈ ਕਿ ਯਿਥਰੋ ਪਹਿਲਾਂ ਮਿਦਯਾਨ ਵਿਚ ਵਾਪਸ ਆ ਗਿਆ ਸੀ ਅਤੇ ਹੋਬਾਬ ਨੂੰ ਸੀਨਈ ਤੇ ਇਸਰਾਏਲ ਦੇ ਨਾਲ ਛੱਡ ਦਿੱਤਾ ਜਿੱਥੇ ਉਹ ਉਸ ਸਮੇਂ ਤਕ ਰੁੱਕਿਆ ਜਦੋਂ ਤਕ ਇਸਰਾਏਲੀ ਕਨਾਨ ਨੂੰ ਰਵਾਨਾ ਹੋਣ ਲਈ ਤਿਆਰ ਨਹੀਂ ਹੋਏ ਸਨ।

# ਪ੍ਰਾਸੰਗਿਕਤਾ

### ਯਿਥਰੋ: ਅਨੋਖੇ ਸਥਾਨਾਂ ਤੇ ਮਦਦ ਕਰਦਾ ਹੈ (ਅਧਿਆਇ 18)

ਕੀ ਤੁਹਾਨੂੰ ਕਿਸੇ ਅਦਭੁੱਤ ਸਰੋਤ ਤੋਂ, ਕਿਸੇ ਅਜੀਬ ਸਥਾਨ ਤੇ ਮਦਦ ਮਿਲੀ ਹੈ? ਸ਼ਾਇਤ ਤੁਸੀਂ ਇੱਕ ਅਣਜਾਣ ਸ਼ਹਿਰ ਵਿਚ, ਗੁਆਚ ਕੇ, ਇਹ ਸੋਚ ਰਹੇ ਹੋਵੋ ਕਿ ਅੱਗੇ ਕੀ ਕਰਨਾ ਹੈ, ਅਤੇ ਕੋਈ ਅਜਿਹਾ ਵਿਅਕਤੀ ਜਿਸ ਨੂੰ ਪਹਿਲਾਂ ਤੁਸੀਂ ਕਦੀ ਵੀ ਨਹੀਂ ਮਿਲੇ ਤੁਹਾਡੀ ਮਦਦ ਕਰਨ ਦੇ ਲਈ ਰੁੱਕ ਗਿਆ ਜਾਵੇ। ਸ਼ਾਇਦ ਤੁਹਾਡੇ ਉੱਤੇ ਝੂਠਾ ਦੋਸ਼ ਲਾਇਆ ਗਿਆ, ਅਤੇ ਇੰਝ ਜਾਪ ਰਿਹਾ ਸੀ ਜਿਵੇਂ ਹਰ ਕੋਈ ਤੁਹਾਡੇ ਖ਼ਿਲਾਫ਼ ਸੀ, ਪਰ ਫਿਰ ਕੋਈ ਅਜਿਹਾ ਵਿਅਕਤੀ ਜਿਸ ਨੂੰ ਤੁਸੀਂ ਆਪਣਾ ਦੁਸ਼ਮਣ ਸਮਝਿਆ ਸੀ ਉਹ ਸੱਚ ਬੋਲਦੇ ਹੋਏ ਤੁਹਾਡੇ ਲਈ ਖੜਾ ਹੋ ਗਿਆ ਹੋਵੇ। ਯਿਥਰੋ ਦੇ ਦੁਆਰਾ, ਮੂਸਾ ਨੂੰ ਇੱਕ ਅਣਜਾਣ ਸਥਾਨ ਤੇ - ਮਿਦਯਾਨ ਵਿਚ, ਇਕ ਗ਼ੈਰ-ਇਸਰਾਏਲੀ ਦੇ ਦੁਆਰਾ ਮਦਦ ਮਿਲੀ ਸੀ।

*ਉਸ ਨੇ ਮੂਸਾ ਨੂੰ ਉਸ ਸਮੇਂ ਇਕ ਘਰ ਦਿੱਤਾ ਜਦੋਂ ਉਸ ਦੇ ਕੋਲ ਘਰ ਨਹੀਂ ਸੀ।* ਜਦੋਂ ਮੂਸਾ

ਇਕ ਮਿਸਰੀ ਨੂੰ ਮਾਰ ਕੇ ਅਤੇ ਦੱਬ ਕੇ ਭੱਜ ਗਿਆ ਸੀ, ਤਾਂ ਉਹ ਬੇਘਰ ਅਤੇ ਇਕੱਲਾ ਸੀ। ਪਰਮੇਸ਼ੁਰ ਦੀ ਮਦਦ ਦੇ ਦੁਆਰਾ, ਮੂਸਾ ਨੇ ਯਿਥਰੋ ਦੀਆਂ ਪੁੱਤਰੀਆਂ ਦੀ ਮਦਦ ਕੀਤੀ ਜਦੋਂ ਉਹ ਆਪਣੇ ਝੁੰਡ ਨੂੰ ਪਾਣੀ ਪਿਲਾਉਣ ਦੇ ਲਈ ਖੂਹ ਤੇ ਗਈਆਂ ਸਨ। ਇਸ ਤੋਂ ਬਾਅਦ, ਯਿਥਰੋ ਨੇ ਆਪਣੀ ਪਰਾਹੁਣਾਚਾਰੀ ਨੂੰ ਵਧਾ ਦਿੱਤਾ। ਆਖਿਰਕਾਰ, ਉਸ ਨੇ ਆਪਣੀ ਧੀ ਮੂਸਾ ਨਾਲ ਵਿਆਹ ਦਿੱਤੀ, ਮੂਸਾ ਨੂੰ ਆਪਣੇ ਘਰ ਵਿਚ ਰੱਖਿਆ, ਮੂਸਾ ਨੂੰ ਇਕ ਆਜੜੀ ਦਾ ਕੰਮ ਦੇ ਦਿੱਤਾ, ਅਤੇ ਇੰਝ ਜਾਪਦਾ ਹੈ ਕਿ ਉਸ ਨੇ ਮੂਸਾ ਨੇ ਉਸ ਦੇ ਨਾਲ ਇਸ ਤਰ੍ਹਾਂ ਦਾ ਵਿਹਾਰ ਕੀਤਾ ਜਿਵੇਂ ਉਹ ਉਸ ਦਾ ਆਪਣਾ ਪੁੱਤਰ ਹੋਵੇ।

*ਉਸ ਨੇ ਉਸ ਸਮੇਂ ਮੂਸਾ ਦੇ ਪਰਿਵਾਰ ਦੀ ਦੇਖਭਾਲ ਕੀਤੀ ਜਦੋਂ ਮੂਸਾ ਨਹੀਂ ਕਰ ਸਕਦਾ ਸੀ।* ਜਦੋਂ ਯਿਥਰੋ ਸੀਨਈ ਪਹਾੜ ਤੇ ਮੂਸਾ ਨਾਲ ਮਿਲਣ ਦੇ ਲਈ ਆਇਆ, ਤਾਂ ਉਹ ਆਪਣੇ ਨਾਲ ਮੂਸਾ ਦੀ ਪਤਨੀ ਅਤੇ ਉਸ ਦੇ ਦੋ ਪੁੱਤਰਾਂ ਨੂੰ ਲਿਆਇਆ (18:1-4)। ਮੂਸਾ ਨੇ ਮਿਦਯਾਨ ਨੂੰ ਛੱਡਣ ਤੋਂ ਕੁਝ ਸਮੇਂ ਬਾਅਦ ਆਪਣੀ ਪਤਨੀ ਨੂੰ ਭੇਜ ਦਿੱਤਾ ਸੀ, ਸ਼ਾਇਦ ਇਸ ਲਈ ਕਿ ਉਹ ਖੁਦ ਸੁਰੱਖਿਅਤ ਰਹਿ ਸਕੇ। ਜਦੋਂ ਤਕ ਸਿੱਪੋਰਾਹ ਅਤੇ ਬੱਚੇ ਮੂਸਾ ਕੋਲ ਜਾ ਨਾ ਸਕੇ ਉਸ ਸਮੇਂ ਤਕ ਯਿਥਰੋ ਨੇ ਉਨ੍ਹਾਂ ਦੀ ਦੇਖਭਾਲ ਕੀਤੀ।

*ਜਦੋਂ ਮੂਸਾ ਦੇ ਆਪਣੇ ਲੋਕਾਂ ਨੇ ਉਸ ਨੂੰ ਨਿਰਾਸ਼ ਕੀਤਾ ਉਸ ਸਮੇਂ ਉਸ ਨੇ ਉਨ੍ਹਾਂ ਨੂੰ ਹੌਂਸਲਾ ਦਿੱਤਾ।* ਜਦੋਂ ਯਿਥਰੋ ਮੂਸਾ ਦੇ ਕੋਲ ਗਿਆ, ਉਸ ਨੇ ਪਹਿਲਾਂ ਤੋਂ ਹੀ ਉਸ ਸਭ ਦੀ ਖਬਰ ਸੁਣੀ ਹੋਈ ਸੀ ਜੋ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਮਿਸਰ ਵਿਚੋਂ ਕੱਢ ਲਿਆਉਣ ਦੇ ਲਈ ਕੀਤਾ ਸੀ। ਉਹ “ਉਸ ਸਾਰੀ ਭਲਿਆਈ ਦੇ ਕਾਰਨ ਜਿਹੜੀ ਯਹੋਵਾਹ ਨੇ ਇਸਰਾਏਲ ਨਾਲ ਕੀਤੀ ਜਦ ਉਸ ਨੂੰ ਮਿਸਰੀਆਂ ਦੇ ਹੱਥੋਂ ਬਚਾ ਦਿੱਤਾ ਅਨੰਦ ਹੋਇਆ” (18:9), ਉਸ ਨੇ ਯਹੋਵਾਹ ਨੂੰ ਮੁਬਾਰਕ ਆਖਿਆ (18:10, 11), ਅਤੇ ਪਰਮੇਸ਼ੁਰ ਦੇ ਲਈ ਬਲੀਆਂ ਚੜ੍ਹਾਈਆਂ (18:12)। “ਪਰਮੇਸ਼ੁਰ ਦੇ ਸਨਮੁਖ” ਇਸਰਾਏਲ ਦੇ ਬਜ਼ੁਰਗਾਂ ਦੇ ਨਾਲ ਰੋਟੀ ਖਾਣ ਦੇ ਦੁਆਰਾ, ਯਿਥਰੋ ਨੇ ਆਪਣੇ ਲੋਕਾਂ ਨੂੰ ਇਸਰਾਏਲ ਦੇ ਲੋਕਾਂ ਦੇ ਨਾਲ ਇਕ ਨੇਮ ਦੇ ਰਿਸ਼ਤੇ ਵਿਚ ਬੰਨ੍ਹ ਲਿਆ। ਯਿਥਰੋ ਦੇ ਇਹ ਕਾਰਜ ਮੂਸਾ ਦੇ ਲਈ ਬਹੁਤ ਹੀ ਉਤਸਾਹਜਨਕ ਰਹੇ ਹੋਣਗੇ, ਜੋ ਇਕ ਕਠੋਰ ਅਤੇ ਮੁਸ਼ਕਲ ਉਜਾੜ ਵਿਚ ਇਕ ਜਿੱਦੀ ਕੌਮ ਦੀ ਅਗਵਾਈ ਕਰਨ ਦੇ ਵੱਡੇ ਕੰਮ ਦੇ ਬੋਝ ਹੇਠ ਦੱਬਿਆ ਹੋਇਆ ਸੀ।

*ਲੋੜ ਦੇ ਸਮੇਂ ਉਸ ਨੇ ਮੂਸਾ ਨੂੰ ਚੰਗੀ ਸਲਾਹ ਦਿੱਤੀ।* ਜਦੋਂ ਯਿਥਰੋ ਨੇ ਮੂਸਾ ਦੁਆਰਾ ਇਸਤੇਮਾਲ ਕੀਤੀ ਜਾ ਰਹੀ ਕਾਨੂੰਨੀ ਪ੍ਰਣਾਲੀ ਨੂੰ ਵੇਖਿਆ, ਤਾਂ ਉਸ ਨੂੰ ਕੁਝ ਸਮੱਸਿਆਵਾਂ ਨਜ਼ਰ ਆਈਆਂ ਅਤੇ ਉਸ ਨੇ ਬਦਲਾਵ ਦੇ ਸੁਝਾਅ ਦਿੱਤੇ। ਉਸ ਨੇ ਮੂਸਾ ਨੂੰ ਸਲਾਹ ਦਿੱਤੀ ਕਿ ਉਹ ਛੋਟੇ ਮਸਲਿਆਂ ਨੂੰ ਸੁਲਝਾਉਣ ਦੇ ਲਈ ਹੋਰਨਾਂ ਮਨੁੱਖਾਂ ਨੂੰ ਨਿਯੁਕਤ ਕਰੇ ਜੋ ਇਸ ਦੇ ਯੋਗ ਹੋਣ, ਤਾਂ ਕਿ ਮੂਸਾ ਖੁਦ ਵੱਡਿਆਂ ਮਾਮਲਿਆਂ ਤੇ ਧਿਆਨ ਲਗਾ ਸਕੇ। ਮੂਸਾ ਦੀ ਭੱਦਰਤਾ ਸੀ, ਉਸ ਨੇ ਆਪਣੇ ਸੌਹਰੇ ਦੀ ਸਲਾਹ ਨੂੰ ਮੰਨ ਲਿਆ।

*ਇਸਰਾਏਲ ਦੇ ਉਜਾੜ ਵਿਚ ਘੁੰਮਦੇ ਸਮੇਂ ਸ਼ਾਇਦ ਉਸ ਨੇ ਮੂਸਾ ਨੂੰ ਇਕ ਮਾਰਗਦਰਸ਼ਕ ਦਿੱਤਾ ਸੀ।* ਗਿਣਤੀ 10:29-32 ਦਾ ਸੰਬੰਧ ਹੈ ਕਿ ਮੂਸਾ ਨੇ ਹੋਬਾਬ ਨੂੰ, ਯਿਥਰੋ ਦੇ ਪੁੱਤਰ ਨੂੰ ਮਾਰਗਦਰਸ਼ਕ ਦੇ ਕੰਮ ਦੀ ਪੇਸ਼ਕਸ਼ ਕੀਤੀ ਸੀ, ਪਰ ਇਹ ਇਸ ਗੱਲ ਨੂੰ ਨਹੀਂ ਦੱਸਦਾ ਕਿ ਉਸ ਨੇ ਇਸ ਪ੍ਰਸਤਾਵ ਨੂੰ ਸਵੀਕਾਰ ਕੀਤਾ ਸੀ ਜਾਂ ਨਹੀਂ।

*ਸਿੱਟਾ।* ਲੋੜ ਪੈਣ ਤੇ ਪਰਮੇਸ਼ੁਰ ਨੇ ਯਿਥਰੋ ਦੇ ਦੁਆਰਾ ਮੂਸਾ ਦੀ ਮਦਦ ਕੀਤੀ। ਯਿਥਰੋ ਦੀ ਕਈ ਅਜਿਹੇ ਗ਼ੈਰ-ਇਸਰਾਏਲੀਆਂ ਦੇ ਵਿਚ ਜਗਾ ਹੈ ਜੋ ਪਰਮੇਸ਼ੁਰ ਦੇ ਚੁਣੇ ਹੋਏ ਲੋਕਾਂ ਦੇ ਲਈ ਮਦਦਗਾਰ ਸਨ। ਰਾਹਾਬ ਨੇ ਯਰੀਹੋ ਵਿਚ ਇਸਰਾਏਲੀ ਜਸੂਸਾਂ ਦੀ ਮਦਦ ਕੀਤੀ ਸੀ (ਯਹੋਸ਼ੁਆ 2)। ਹੇਗਈ ਰਾਜੇ ਦੇ ਜਨਾਨ ਖਾਨੇ ਦਾ ਇੰਚਾਰਜ ਸੀ ਅਤੇ ਉਸ ਨੇ ਅਸਤਰ ਤੇ ਦਯਾ ਕੀਤੀ

(ਅਸਤਰ 2:8, 9)। "ਖੁਸਰਿਆਂ ਦੇ ਸਰਦਾਰ" ਦੀ ਕਿਰਪਾ ਦੀ ਨਿਗਾਹ ਦਾਨੀਏਲ ਦੇ ਉੱਤੇ ਸੀ (ਦਾਨੀਏਲ 1:9)।

ਪਰਮੇਸ਼ੁਰ ਦੇ ਕਾਰਣ ਸਹਾਇਕਾਂ ਦੀ ਲੋੜ ਹੁੰਦੀ ਹੈ। ਮਹਾਨ ਲੋਕਾਂ ਨੂੰ ਮਦਦਗਾਰਾਂ ਦੀ ਲੋੜ ਹੁੰਦੀ ਹੈ। ਹੋ ਸਕਦਾ ਹੈ ਕਿ ਤੁਸੀਂ ਦੂਜਿਆਂ ਦੇ ਦੁਆਰਾ "ਮਹਾਨ" ਨਹੀਂ ਮੰਨੇ ਜਾਂਦੇ ਹੋ, ਪਰ ਤੁਸੀਂ "ਮਹਾਨ" ਆਦਮੀ ਦੀ ਮਦਦ ਕਰਨ ਦੇ ਯੋਗ ਹੋ ਸਕਦੇ ਹੋ। ਤੁਸੀਂ ਇਕ ਯੋਨਾਥਾਨ ਹੋ ਸਕਦੇ ਹੋ ਜੋ ਦਾਊਦ ਦੀ ਮਦਦ ਕਰਦਾ ਹੈ, ਇਕ ਬਰਨਬਾਸ ਜੋ ਇਕ ਪੌਲੁਸ ਨੂੰ ਦਲੇਰੀ ਦਿੰਦਾ ਹੈ, ਇਕ ਅੰਦ੍ਰਿਯਾਸ ਜੋ ਇਕ ਪਤਰਸ ਨੂੰ ਮਸੀਹ ਦੇ ਕੋਲ ਲਿਆਉਂਦਾ ਹੈ, ਇਕ ਹਾਰੂਨ ਜਾਂ ਹੂਰ ਜੋ ਮੂਸਾ ਦੀਆਂ ਬਾਹਾਂ ਨੂੰ ਉਤਾਹਾਂ ਚੁੱਕੀ ਰੱਖਦੇ ਹੋ, ਜਾਂ ਇਕ ਯਿਥਰੋ ਇਕ ਆਗੂ ਦੀ ਲੋੜ ਦੇ ਸਮੇਂ ਉਸ ਦੀ ਮਦਦ ਕਰ ਸਕਦਾ ਹੈ।

ਸਾਨੂੰ ਇਸ ਗੱਲ ਨੂੰ ਜਾਣਨਾ ਚਾਹੀਦਾ ਹੈ ਕਿ ਪਰਮੇਸ਼ੁਰ ਦੇ ਲੋਕਾਂ ਦੀ ਮਦਦ ਅਸਧਾਰਣ ਸਥਾਨਾਂ ਤੋਂ ਆ ਸਕਦੀ ਹੈ। ਇਸ ਤੋਂ ਇਲਾਵਾ, ਸਾਨੂੰ ਇਸ ਗੱਲ ਨੂੰ ਸਮਝਣ ਦੀ ਲੋੜ ਹੈ ਕਿ ਜਦੋਂ ਅਸੀਂ ਮਦਦ ਕਰਨ ਦੇ ਯੋਗ ਹਾਂ ਤਾਂ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਨ੍ਹਾਂ ਦੀ ਮਦਦ ਕਰੀਏ।

### ਸੰਗਠਿਤ ਹੋਣਾ (ਅਧਿਆਇ 18)

ਕੂਚ 18 ਅਧਿਆਇ ਸਾਨੂੰ ਬਹੁਤ ਸਾਰੇ ਸਿਧਾਂਤ ਸਿਖਾਉਂਦਾ ਹੈ ਜੋ ਸਾਨੂੰ ਸਥਾਨਕ ਚਰਚ ਵਿਚ ਪ੍ਰਭੂ ਦੇ ਕੰਮ ਨੂੰ ਕਰਨ ਦੇ ਲਈ ਸੰਗਠਿਤ ਹੋਣ ਦੇ ਲਈ ਮਦਦ ਕਰ ਸਕਦੇ ਹਨ। (1) ਮੂਸਾ ਨੇ ਯਿਥਰੇ ਦੀ ਗੱਲ ਸੁਣੀ ਅਤੇ ਉਸ ਦੀ ਸਲਾਹ ਨੂੰ ਮੰਨਿਆ। ਇਸੇ ਤਰੀਕੇ ਨਾਲ, ਆਗੂਆਂ ਨੂੰ ਦੂਸਰਿਆਂ ਦੀ ਗੱਲ ਸੁਣਨ ਅਤੇ ਸਲਾਹ ਲੈਣ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ, ਭਾਵੇਂ ਉਹ ਸਲਾਹ ਅਸੰਗਤ ਸਰੋਤਾਂ ਤੋਂ ਹੀ ਕਿਉਂ ਨਾ ਆਈ ਹੋਵੇ। (2) ਯਿਥਰੋ ਅਤੇ ਇਸਰਾਏਲ ਦੇ ਆਗੂਆਂ ਨੇ ਸਪੱਸ਼ਟ ਤੌਰ ਤੇ ਇਕ ਨੇਮ ਬੰਨ੍ਹਿਆ। ਇਸੇ ਤਰ੍ਹਾਂ ਚਰਚ ਦੇ ਆਗੂਆਂ ਨੂੰ ਹੋਰਨਾਂ ਲੋਕਾਂ ਨਾਲ ਭਾਗੀਦਾਰੀ ਬਣਾਉਣ ਦੇ ਲਈ ਤਿਆਰ ਹੋਣਾ ਚਾਹੀਦਾ ਹੈ ਜੋ ਉਨ੍ਹਾਂ ਦੇ ਉਦੇਸ਼ਾਂ ਨੂੰ ਪੂਰਾ ਕਰਨ ਵਿਚ ਉਨ੍ਹਾਂ ਦੀ ਮਦਦ ਕਰ ਸਕਦੇ ਹਨ। (3) ਮੂਸਾ ਨੂੰ ਕਿਹਾ ਗਿਆ ਸੀ ਕਿ ਉਹ ਜੋ ਕਰਨ ਦੇ ਯੋਗ ਹੈ ਉਸ ਤੇ ਧਿਆਨ ਕੇਂਦ੍ਰਿਤ ਕਰੇ। ਇਸੇ ਤਰੀਕੇ ਦੇ ਨਾਲ, ਅੱਜ ਦੇ ਆਗੂਆਂ ਨੂੰ ਆਪਣਾ ਜ਼ਿਆਦਾਤਰ ਸਮਾਂ ਅਤੇ ਕੋਸ਼ਿਸ਼ ਉਨ੍ਹਾਂ ਤੋੜਿਆਂ ਨੂੰ ਵਰਤਣ ਵਿਚ ਲਗਾਉਣਾ ਚਾਹੀਦਾ ਹੈ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿੱਤੇ ਹਨ। (4) ਮੂਸਾ ਨੇ ਮਾਮੂਲੀ ਝਗੜਿਆਂ ਦੇ ਫ਼ੈਸਲੇ ਕਰਨ ਦੀ ਜ਼ਿੰਮੇਵਾਰੀ ਹੋਰਨਾਂ ਨੂੰ ਸੌਂਪ ਦਿੱਤੀ ਸੀ। ਉਸੇ ਤਰ੍ਹਾਂ ਅੱਜ ਦੇ ਆਗੂਆਂ ਨੂੰ ਵੀ ਸੌਂਪਣਾ ਸਿੱਖਣਾ ਚਾਹੀਦਾ ਹੈ। (5) ਜਿਨ੍ਹਾਂ ਨੂੰ ਮੂਸਾ ਨੇ ਜ਼ਿੰਮੇਵਾਰੀ ਸੌਂਪੀ ਸੀ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਕਾਬਲ ਹੋਣ ਦੀ ਲੋੜ ਸੀ। ਫਿਰ ਵੀ, ਅੱਜ ਚਰਚ ਦੇ ਆਗੂ ਜ਼ਿੰਮੇਵਾਰੀ ਸੌਂਪਦੇ ਹਨ ਉਨ੍ਹਾਂ ਨੂੰ ਉਸ ਕੰਮ ਨੂੰ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਜਿਸ ਨੂੰ ਕਰਨ ਦੇ ਲਈ ਉਨ੍ਹਾਂ ਨੂੰ ਬੁਲਾਇਆ ਜਾਂਦਾ ਹੈ। ਇਨ੍ਹਾਂ ਨਵੇਂ ਨੇਮ ਦੇ ਸਿਧਾਂਤਾਂ ਦੀ ਇਕ ਉਦਾਹਰਣ ਦੇ ਲਈ, ਵੇਖੋ ਰਸੂਲਾਂ ਦੇ ਕਰਤੱਬ 6:1-7.

### ਯਿਥਰੋ, ਇੱਕ ਚੰਗਾ ਆਦਮੀ (ਅਧਿਆਇ 18)

ਮੂਸਾ ਦੇ ਸੌਹਰੇ ਦੇ ਵਿਚ ਬਹੁਤ ਸਾਰੇ ਅਜਿਹੇ ਗੁਣ ਸਨ ਜਿਨ੍ਹਾਂ ਦੀ ਅੱਜ ਸਾਨੂੰ ਨਕਲ ਕਰਨੀ ਚਾਹੀਦੀ ਹੈ।[19] ਯਿਥਰੋ ਨੇ ਹੇਠ ਲਿਖੇ ਕੰਮ ਕੀਤੇ:

1. "ਪਰਮੇਸ਼ੁਰ ਅਤੇ ਉਸ ਦੇ ਲੋਕਾਂ ਦੇ ਵਿਸ਼ੇ ਵਿਚ ਜਾਣਕਾਰੀ ਦਿੱਤੀ ਗਈ" (18:1)
2. "ਮੂਸਾ ਦੇ ਆਪਣੀ ਪਤਨੀ ਅਤੇ ਪੁੱਤਰਾਂ ਬਾਰੇ ਦਾਅਵੇ ਨੂੰ ਪਛਾਣਿਆ" (18:2-4)
3. "ਉਹ ਨਿਮਰ" ਸੀ (18:5-8)

4. “ਹੋਰਨਾਂ ਦੀਆਂ ਬਰਕਤਾਂ ਤੋਂ ਅਨੰਦਿਤ ਹੁੰਦਾ ਸੀ” (18:9)
5. “ਪ੍ਰਭੂ ਦੀ ਮਹਿਮਾ ਕਰਦਾ ਸੀ” (18:10, 11)
6. “ਬੰਦਗੀ ਕਰਦਾ” (18:12)
7. “ਚੰਗੀ ਸਲਾਹ ਦਿੱਤੀ” (18:13-22)
8. “ਪਰਮੇਸ਼ੁਰ ਦੇ ਅੰਤਿਮ ਅਤੇ ਸਰਵਉੱਚ ਅਧਿਕਾਰ ਨੂੰ ਮੰਨਿਆ” (18:23)।

### ਮੂਸਾ ਦੇ ਪੁੱਤਰਾਂ ਦੇ ਨਾਮ (18:3, 4)

ਮੂਸਾ ਦੇ ਦੋ ਪੁੱਤਰਾਂ ਦੇ ਨਾਮ ਸਨ “ਗੇਰਸ਼ੋਮ,” ਜੋ “ਪਰਦੇਸੀ” ਹੋਣ ਨੂੰ ਦਰਸਾਉਂਦਾ ਹੈ, ਅਤੇ “ਅਲੀਅਜ਼ਰ,” ਜਿਸ ਦਾ ਅਰਥ ਹੈ “ਪਰਮੇਸ਼ੁਰ ਮੇਰਾ ਸਹਾਇਕ ਹੈ।” ਇਹ ਨਾਮ ਮਿਦਯਾਨ ਵਿਚ ਮੂਸਾ ਦੀ ਸਥਿਤੀ ਨੂੰ ਚੰਗੇ ਤਰ੍ਹਾਂ ਨਾਲ ਦੱਸਦੇ ਹਨ। ਉਹ ਇੱਕ ਓਪਰੇ ਦੇਸ ਵਿਚ “ਪਰਦੇਸੀ” ਸੀ, ਅਤੇ ਪਰਮੇਸ਼ੁਰ ਨੇ ਫ਼ਿਰਊਨ ਦੇ ਹੱਥ ਚੋਂ ਛੁਡਾ ਕੇ ਉਸ ਦੀ ਮਦਦ ਕੀਤੀ ਸੀ। ਮਸੀਹੀ, ਵੀ, ਇਸ ਸੰਸਾਰ ਵਿਚ “ਪਰਦੇਸੀ ਅਤੇ ਮੁਸਾਫ਼ਰ” ਹਨ (1 ਪਤਰਸ 2:11)। ਸਾਡਾ, ਵੀ, ਪਰਮੇਸ਼ੁਰ ਦੇ ਦੁਆਰਾ ਮੌਤ ਤੋਂ ਛੁਟਕਾਰਾ ਕਰਵਾਇਆ ਗਿਆ ਹੈ।

### ਉਹ ਚੀਜ਼ਾਂ ਜੋ “ਚੰਗੀਆਂ ਨਹੀਂ” ਹਨ ਪਰ ਉਹ ਪਾਪ ਨਹੀਂ ਹਨ (18:17)

ਜਦੋਂ ਯਿਥਰੋ ਨੇ ਕਿਹਾ, “ਜੋ ਤੂੰ ਕਰਦਾ ਹੈਂ ਸੋ ਚੰਗੀ ਗੱਲ ਨਹੀਂ ਹੈ,” ਉਸ ਦਾ ਅਰਥ ਇਹ ਨਹੀਂ ਸੀ ਕਿ ਆਗਵਾਈ ਕਰਨ ਲਈ ਮੂਸਾ ਦਾ ਦ੍ਰਿਸ਼ਟੀਕੋਣ ਪਾਪੀ ਜਾਂ ਬੁਰਾ ਸੀ। ਪਰ, ਇਹ ਇਸ ਲਈ ਚੰਗਾ ਨਹੀਂ ਸੀ ਕਿਉਂਕਿ ਇਹ ਨਾਕਾਫ਼ੀ ਅਤੇ ਅਪ੍ਰਭਾਵਸ਼ਾਲੀ ਸੀ। ਜਦਕਿ ਕੁੱਝ ਚੀਜ਼ਾਂ ਜੋ ਅਸੀਂ ਕਰਦੇ ਹਾਂ ਪਾਪ ਨਹੀਂ ਹਨ, ਪਰ ਹੋ ਸਕਦਾ ਹੈ ਕਿ ਸਾਨੂੰ ਇਹ ਸਵੀਕਾਰ ਕਰਨ ਦੀ ਲੋੜ ਹੋਵੇ ਕਿ ਉਹ ਇਸ ਅਰਥ ਵਿਚ “ਚੰਗੀਆਂ ਨਹੀਂ ਹਨ” ਕਿਉਂਕਿ ਉਨ੍ਹਾਂ ਤੋਂ ਲੋੜੀਂਦੇ ਨਤੀਜੇ ਪ੍ਰਾਪਤ ਨਹੀਂ ਹੋ ਸਕਦੇ ਹਨ। ਉਦਾਹਰਣ ਦੇ ਲਈ, ਮੰਨ ਲਓ, ਇੱਕ ਮਸੀਹੀ ਜਿਸ ਨੇ ਇਹ ਫ਼ੈਸਲਾ ਕਰ ਲਿਆ ਹੈ ਕਿ ਉਹ ਪ੍ਰਭੂ ਦੀ ਆਗਿਆ ਨੂੰ “ਜਾਓ ... ਪ੍ਰਚਾਰ ਕਰੋ” ਨੂੰ ਮੰਨੇਗਾ (ਮਰਕੁਸ 16:15) ਅਤੇ ਉਸ ਨੇ ਇੱਕ ਮਿਸ਼ਨਰੀ ਬਣਨ ਦਾ ਪੱਕਾ ਇਰਾਦਾ ਕਰ ਲਿਆ, ਪਰ ਉਸ ਨੇ ਫ਼ੈਸਲਾ ਲਿਆ ਕਿ ਉਹ ਦੂਸਰੇ ਮਹਾਂਦੀਪ ਵਿਚ ਬਿਨਾਂ ਹਵਾਈ ਜਹਾਜ਼, ਸਮੁੰਦਰੀ ਜਹਾਜ਼, ਜਾਂ ਕਾਰ ਆਦਿ ਤੋਂ ਜਾਵੇਗਾ। ਸਫਰ ਦਾ ਅਰਥ ਸਫਲ ਨਹੀਂ ਹੋਵੇਗਾ। ਨਵਾਂ ਨੇਮ ਸਾਨੂੰ ਸਿਖਾਉਂਦਾ ਹੈ ਕਿ ਸਾਨੂੰ ਹਮੇਸ਼ਾ ਵਚਨ ਦੇ ਅਨੁਸਾਰ ਹੋਣਾ ਚਾਹੀਦਾ ਹੈ, ਪਰ ਇਹ ਸਾਨੂੰ ਇਹ ਵੀ ਸਿਖਾਉਂਦਾ ਹੈ ਕਿ ਸਾਨੂੰ ਸਭ ਤੋਂ ਉੱਤਮ ਸੰਭਵ ਢੰਗਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਪੌਲੁਸ ਨੇ ਕਿਹਾ ਕਿ ਜਦੋਂ ਅਸੀਂ ਪਰਮੇਸ਼ੁਰ ਦੇ ਚਰਚ ਦਾ ਨਿਰਮਾਣ ਕਰਦੇ ਹਾਂ ਤਾਂ ਸਾਨੂੰ - ਪ੍ਰਭਾਵਸ਼ਾਲੀ ਤਰੀਕਿਆਂ - ਦਾ ਇਸਤੇਮਾਲ ਕਰਨ ਦੇ ਲਈ ਬੁੱਧੀਮਾਨ ਹੋਣਾ ਚਾਹੀਦਾ ਹੈ (1 ਕੁਰਿੰਥੀਆਂ 3:10)। ਉਸ ਨੇ ਸਾਨੂੰ ਬੇਨਤੀ ਕੀਤੀ ਕਿ ਜਦੋਂ ਅਸੀਂ ਦੂਸਰਿਆਂ ਨਾਲ ਇੰਜੀਲ ਦੇ ਬਿਰਤਾਂਤ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ ਅਤੇ ਸਮਝਦਾਰੀ ਦੇ ਨਾਲ ਗੱਲ ਕਰਨੀ ਚਾਹੀਦੀ ਹੈ (ਵੇਖੋ ਕੁਲੁੱਸੀਆਂ 4:5)। ਬੇਕਾਰ ਤਰੀਕਿਆਂ ਨੂੰ ਇਸਤੇਮਾਲ ਕਰਨਾ ਜਾਂ ਬਿਨਾਂ ਤਿਆਰੀ ਤੋਂ ਬੋਲਣਾ ਪਾਪ ਨਹੀਂ ਹੋਵੇਗਾ; ਪਰ ਇਹ ਪ੍ਰਭਾਵਸ਼ਾਲੀ ਨਹੀਂ ਹੋਵੇਗਾ, ਅਤੇ ਇਸ ਦਾ ਕੋਈ ਅਸਰ ਨਹੀਂ ਹੋਵੇਗਾ, ਅਤੇ ਇਸੇ ਲਈ ਇਹ “ਚੰਗਾ ਨਹੀਂ” ਹੈ।

---

ਟਿੱਪਣੀਆਂ

[1]ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡਲ ਓਲਡ ਟੈਸਟਾਮੈਂਟ ਕਮੈਂਟਰੀਜ਼

(ਡਾਨਰਸ ਗਰੂਵ, ਇਲੀਨੋਇਸ: ਇੰਟਰਵਰਸਿਟੀ ਪ੍ਰੈੱਸ, 1973), 137, 142. [2]ਨਹੂਮ ਐਮ. ਸਰਨਾ ਨੇ ਜ਼ੋਰ ਦੇ ਕੇ ਕਿਹਾ ਕਿ "ਬਿਵਸਥਾ ਸਾਰ ਅਧਿਆਇ 1 ਵਿਚ ਦਿੱਤੀ ਗਈ ਨਿਆਂਪਾਲਿਕਾ ਦੀ ਸਥਾਪਨਾ ਦਾ ਸਮਾਂਤਰ ਬਿਰਤਾਂਤ ਦੱਸਦਾ ਹੈ ਕਿ ਇਸ ਪੁਨਰ ਸਥਾਪਨਾ ਹੋਰੇਬ ਵਿਚ ਉਨ੍ਹਾਂ ਦੇ ਰਹਿਣ ਦੇ ਸਮੇਂ ਹੋਈ, ਜੋ ਸੀਨਈ ਹੈ" (ਨਹੂਮ ਐੱਮ. ਸਰਨਾ, *ਐਕਪਲੋਰਿੰਗ ਐਕਸੋਡਸ: ਦਾ ਓਰਿੰਜਨ ਆਫ਼ ਬਿਬਲੀਕਲ ਇਜ਼ਰਾਏਲ* [ਨਿਊ ਯਾਰਕ: ਸ਼ੋਕਨ ਬੁਕਸ, 1996], 127)। [3]ਉਸੇ ਸਥਾਨ ਤੇ, 128-29. [4]ਜੇਮਸ ਬਰਟਨ ਕੌਫ਼ਮੈਨ, *ਕਮੈਂਟਰੀ ਔਨ ਐਕਸੋਡਸ, ਦ ਸੈਕੰਡ ਬੁਕ ਆਫ਼ ਮੌਜਸ* (ਅਬੀਲੀਨ, ਟੈਕਸਾਸ: ACU ਪ੍ਰੈੱਸ, 1985), 247. ਇਸ ਵਿਚਾਰ ਸਮਰਥਨ ਪੀਟਰ ਐਨਸ ਨੇ ਵੀ ਕੀਤਾ ਸੀ, *ਐਕਸੋਡਸ,* ਦ NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੇਪਿਡਸ, ਮਿਸ਼ੀਗਨ: ਜ਼ੋਡੇਰਵਨ, 2000), 371. [5]ਜੌਨ. ਆਈ. ਡਰਹਮ, *ਐਕਸੋਡਸ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 244. [6]ਉਸੇ ਸਥਾਨ ਤੇ, 239, 244. [7]ਡਬਲਿਯੂ. ਐੱਚ ਗਿਸਪਨ, *ਐਕਸੋਡਸ,* ਅਨੁਵਾਦ ਐਡ ਵੈਨ ਡਰ ਮਾਸ, ਬਾਈਬਲ ਸਟੂਡੇਂਟਸ ਕਮੈਂਟਰੀ (ਗ੍ਰੈਂਡ ਰੇਪਿਡਸ, ਮਿਸ਼ੀਗਨ: ਰੀਜੇਂਸੀ ਰੈਫਰੈਂਸ ਲਾਇਬ੍ਰੇਰੀ, ਜ਼ੋਂਡੇਰਵਨ ਪਬਲਿਸ਼ਿੰਗ ਹਾਊਸ. 1982), 174. [8]ਡਰਹਮ, 245. [9]ਕੌਫ਼ਮੈਨ ਨੇ ਜਬਰਨ ਦਲੀਲ ਦਿੱਤੀ ਕਿ ਯਿਥਰੋ, ਮਲਕਿ ਸਿਦਕ ਦੇ ਵਾਂਗ, ਪਰਮੇਸ਼ੁਰ ਦਾ ਇੱਕ ਜਾਇਜ ਜਾਜਕ ਸੀ ਜਿਸ ਦੇ ਕੋਲ ਬਲੀਆਂ ਚੜ੍ਹਾਉਣ ਦਾ ਪੂਰਾ ਪੂਰਾ ਹੱਕ ਸੀ, ਕਿਉਂਕਿ ਮੂਸਾ ਦੀ ਬਿਵਸਥਾ ਅਜੇ ਦਿੱਤੀ ਨਹੀਂ ਗਈ ਸੀ। (ਕੌਫ਼ਮੈਨ, 244-46.) [10]ਜੌਨ ਐੱਚ. ਵਾਲਟਨ ਅਤੇ ਵਿਕਟਰ ਐੱਚ. ਮੈਥਿਊਜ਼, *ਜੇਨੇਸਿਸ-ਡਿਓਟਰਨੋਮੀ,* ਦ IVP ਬਾਈਬਲ ਬੈਕਗਰਾਊਂਡ ਕਮੈਂਟਰੀ (ਡਾਨਰਸ ਗਰੂਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈੱਸ, 1997), 104-5.

[11]ਕੁਝ ਲੋਕ ਵਿਸ਼ਵਾਸ ਕਰਦੇ ਹਨ ਕਿ ਇਸ ਮੌਕੇ ਤੇ ਯਿਥਰੋ ਯਾਹਵਾਦ ਵਿਚ ਬਦਲ ਗਿਆ ਸੀ। (ਕੌਫ਼ਮੈਨ, 245.) [12]ਡਰਹਮ, 245. [13]ਸਰਨਾ, 128-29. ਨੇਮ ਦੇ ਭੋਜਨ ਦੀਆਂ ਹੋਰਨਾਂ ਉਦਾਹਰਣਾਂ ਦੇ ਲਈ, ਵੇਖੋ ਉਤਪਤ 26:30; 31:54. [14]ਐਨਸ, 371. [15]ਕੌਫ਼ਮੈਨ, 249. [16]ਸਰਨਾ, 127. [17]ਕੋਲ, 142. [18]ਸਰਨਾ, 128. [19]ਵਿਲਬਰ ਫੀਲਡਸ, *ਐਕਸਪਲੋਰਿੰਗ ਐਕਸੋਡਸ,* ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੌਪਲਿਨ, ਮਿਸੌਰੀ: ਕਾੱਲਜ ਪ੍ਰੈੱਸ, 1976), 376-77.